15-SEP-PAGE-1.qxd add front.qxd 9/14/2023 8:18 PM Page 1

ਸ਼ੁੱਕਰਵਾਰ, 15 ਸਤੰਬਰ, 2023
30 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 105

ਨਵਾਂ ਜ਼ਮਾਨਾ

DAILY NAWAN ZAMANA • FRIDAY, 15 SEPTEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

15-SEP-PAGE-10.qxd 9/14/2023 8:16 PM Page 1

ਮਾਮਲਾ ਤਿੰਨ ਪਿੰਡਾਂ ਦਾ ਹੱਕ ਮਾਰ ਕੇ ਫੈਕਟਰੀ ਨੂੰ ਪਾਣੀ ਦੇਣ ਦਾ

ਕਿਸਾਨਾਂ ਮੋੜੀਆਂ ਫੈਕਟਰੀ ਮਾਲਕਾਂ ਦੀਆਂ ਮਸ਼ੀਨਾਂ

ਤਲਵੰਡੀ ਸਾਬੋ (ਜਗਦੀਪ ਗਿੱਲ)

ਲਹਿਰੀ, ਮੈਨੂੰਆਣਾ ਤੇ ਬਹਿਮਣ ਕੌਰ ਸਿੰਘ ਨਹਿਰੀ ਪਾਣੀ ਦੀ ਕਮੀਂ ਹੋਣ ਦੇ ਮੱਦੇਨਜ਼ਰ ਈਥੋਨੋਲ ਫੈਕਟਰੀ ਨੂੰ ਪਾਣੀ ਦੇ ਕੇ ਸਮੱਸਿਆ ਨੂੰ ਹੋਰ ਵੱਡਾ ਕੀਤਾ ਜਾ ਰਿਹਾ ਹੈ। ਇਸ ਲਈ ਤਿੰਨਾਂ ਪਿੰਡਾਂ ਦੇ ਕਿਸਾਨਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਵਾਈ ਹੇਠ ਲਹਿਰੀ ਵਾਲੀ ਕੱਸੀ, ਜਿੱਥੇ ਟੇਲ ਬਣਦੀ ਹੈ (ਤਲਵੰਡੀ ਸਾਬੋ-ਸਰਦੂਲਗੜ੍ਹ ਜੀ ਟੀ ਰੋਡ ਕਿਨਾਰੇ) ਪੱਕਾ ਮੋਰਚਾ ਲਗਾਇਆ ਹੋਇਆ ਹੈ, ਅੱਜ ਇਹ ਧਰਨਾ ਚੌਥੇ ਦਿਨ ਵਿੱਚ ਸ਼ਾਮਲ ਹੋ ਗਿਆ ਹੈ। ਈਥੋਨੋਲ ਫੈਕਟਰੀ ਵੱਲੋਂ ਮਸ਼ੀਨਾਂ ਲਿਆ ਕੇ ਪਾਣੀ ਲਈ ਪਾਈਪ ਲਾਈਨ ਪਾਉਣ ਲਈ ਤਿਆਰੀ ਵਿੱਢੀ ਗਈ, ਜਿਸ ਨੂੰ ਪਿੰਡਾਂ ਵਿੱਚੋਂ ਆਏ ਕਿਸਾਨਾਂ-ਮਜ਼ਦੂਰਾਂ ਤੇ ਮਾਵਾਂ-ਭੈਣਾਂ ਦੇ ਵੱਡੇ ਇਕੱਠ ਸਹਾਰੇ ਵਾਪਸ ਜਾਣ ਲਈ ਮਜਬੂਰ ਕਰ ਦਿੱਤਾ ਗਿਆ। ਧਰਨੇ ਦੀ ਅਗਵਾਈ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਮਾਈਸਰਖਾਨਾ ਤੇ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਕੀਤੀ। ਇਸ ਸਮੇਂ ਜ਼ਿਲ੍ਹਾ ਸਕੱਤਰ ਦਰਸ਼ਨ ਸਿੰਘ ਮਾਈਸਰਖਾਨਾ ਨੇ ਦੱਸਿਆ ਕਿ ਤਲਵੰਡੀ ਸਾਬੋ ਦੇ ਕਈ ਪਿੰਡਾਂ ਵਿੱਚ ਨਹਿਰੀ ਪਾਣੀ ਬਹੁਤ ਘੱਟ ਪਹੁੰਚਦਾ ਹੈ, ਟੇਲਾਂ ਵਾਲੇ ਪਿੰਡਾਂ ਦਾ ਹੋਰ ਬੁਰਾ ਹਾਲ ਹੈ, ਖੇਤਾਂ ਵਿੱਚ ਪਾਣੀ ਲੱਗੇ ਤਾਂ ਦੂਰ ਦੀ ਗੱਲ ਹੈ, ਸਗੋਂ ਪੀਣ ਦਾ ਪਾਣੀ ਵੀ ਔਖਾ ਮਿਲਦਾ ਹੈ। ਟਿਊਬਵੈੱਲਾਂ ਦਾ ਪਾਣੀ ਪਹਿਲਾਂ ਹੀ ਮਾੜਾ ਹੈ। ਇਨ੍ਹਾਂ ਪਿੰਡਾਂ ਦੀ ਕਿਸੇ ਸਰਕਾਰ ਨੇ ਅਜੇ ਤੱਕ ਸੁਣਵਾਈ ਨਹੀਂ ਕੀਤੀ, ਸਗੋਂ ਲਹਿਰੀ ਪਿੰਡ ਵਿੱਚ ਲੱਗ ਰਹੀ ਈਥੋਨੋਲ ਦੀ ਫੈਕਟਰੀ ਨੂੰ 8 ਇੰਚ ਪਾਣੀ ਦਿੱਤਾ ਜਾ ਰਿਹਾ ਹੈ, ਪਰ ਕਿਸਾਨਾਂ ਨੂੰ ਦੇਣ ਲਈ ਪਾਣੀ ਨਹੀਂ ਹੈ, ਜਿਸ ਕਾਰਨ ਕਿਸਾਨਾਂ ਦੀ ਹਾਲਤ ਬਦਤਰ ਹੁੰਦੀ ਜਾ ਰਹੀ ਹੈ।

ਧਰਨੇ ਵਿੱਚ ਬਹੱਤਰ ਸਿੰਘ ਨੰਗਲਾ ਬਲਾਕ ਤਲਵੰਡੀ ਸਾਬੋ, ਰਾਜਵਿੰਦਰ ਸਿੰਘ ਰਾਮਨਗਰ ਬਲਾਕ ਪ੍ਰਧਾਨ ਮੌੜ, ਕਲਕੱਤਾ ਸਿੰਘ, ਕਾਲਾ ਸਿੰਘ ਚੱਠੇਵਾਲਾ, ਜੀਤ ਰਾਮਨਗਰ, ਭੋਲਾ ਸਿੰਘ ਮਾੜੀ ਤੇ ਗੁਰਜੀਤ ਸਿੰਘ ਬੇਗੇਹਰ ਸਮੇਤ ਪਿੰਡ ਇਕਾਈਆਂ ਦੇ ਆਗੂ ਹਾਜ਼ਰ ਸਨ। ਇਸ ਸਮੇਂ ਕਿਸਾਨਾਂ ਨੇ ਮੰਗ ਕੀਤੀ ਕਿ ਟੇਲਾਂ 'ਤੇ ਪਾਣੀ ਪੂਰਾ ਕੀਤਾ ਜਾਵੇ ਤੇ ਫੈਕਟਰੀ ਦਾ ਕੋਈ ਹੋਰ ਹੱਲ ਕੀਤਾ ਜਾਵੇ।

ਵਿਆਹੁਤਾ ਵੱਲੋਂ ਭਾਖੜਾ ਨਹਿਰ 'ਚ ਛਾਲ ਮਾਰ ਕੇ ਖੁਦਕੁਸ਼ੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਘੱਗਾ ਇਲਾਕੇ ਦੇ ਪਿੰਡ ਬੂਟਾ ਸਿੰਘ ਵਾਲਾ ਦੀ ਇੱਕ ਵਿਆਹੁਤਾ ਲੜਕੀ ਨੇ ਭਾਖੜਾ ਨਹਿਰ ਵਿੱਚ ਛਾਲ ਮਾਰ ਦਿੱਤੀ ਸੀ। ਇਸ ਦੀ ਲਾਸ਼ ਹਰਿਆਣਾ ਦੇ ਸ਼ਹਿਰ ਟੋਹਾਣਾ ਦੇ ਨੇੜਿਓਂ ਮਿਲੀ ਹੈ, ਜਿਸ ਮਗਰੋਂ ਮ੍ਰਿਤਕ ਲੜਕੀ ਦੀ ਮਾਂ ਦੇ ਬਿਆਨਾਂ ਦੇ ਅਧਾਰ 'ਤੇ ਪੁਲਸ ਨੇ ਲੜਕੀ ਦੇ ਪਤੀ ਖਿਲਾਫ ਕੇਸ ਦਰਜ ਕੀਤਾ ਹੈ। ਥਾਣਾ ਘੱਗਾ ਵਿੱਚ ਪੁਲਸ ਨੂੰ ਲਿਖਵਾਏ ਬਿਆਨਾਂ 'ਚ ਸੰਤੋਸ਼ ਪਤਨੀ ਜਗਨ ਨਾਥ ਵਾਸੀ ਪਿੰਡ ਮੌਲਵੀਵਾਲਾ ਥਾਣਾ ਪਾਤੜਾਂ ਨੇ ਦੱਸਿਆ ਕਿ ਉਸ ਦੀ ਲੜਕੀ ਮਾਟੀ ਕੌਰ ਦਾ ਵਿਆਹ ਸੋਨੀ ਸਿੰਘ ਵਾਸੀ ਪਿੰਡ ਬੂਟਾ ਸਿੰਘ ਵਾਲਾ ਥਾਣਾ ਘੱਗਾ ਨਾਲ 2016 ਵਿੱਚ ਹੋਇਆ ਸੀ। ਉਸ ਦਾ ਜਵਾਈ ਸ਼ਰਾਬ ਪੀਣ ਦੇ ਨਾਲ ਨਾਲ ਕਈ ਤਰ੍ਹਾਂ ਦੇ ਨਸ਼ਿਆਂ ਦਾ ਆਦੀ ਸੀ ਤੇ ਅਕਸਰ ਨਸ਼ਾ ਕਰਕੇ ਲੜਕੀ ਦੀ ਕੁੱਟਮਾਰ ਕਰਦਾ ਰਹਿੰਦਾ ਸੀ। ਉਸ ਨੇ ਦੱਸਿਆ ਕਿ ਬੀਤੀ 9 ਸਤੰਬਰ ਨੂੰ ਲੜਕੀ ਦਾ ਫੋਨ ਆਇਆ ਕਿ ਉਸ ਦਾ ਪਤੀ ਕੁੱਟਮਾਰ ਕਰ ਰਿਹਾ ਹੈ। ਜਦੋਂ ਉਹ ਆਪਣੇ ਗੁਆਂਢੀ ਨਾਲ ਮੋਟਰਸਾਈਕਲ 'ਤੇ ਪਿੰਡ ਬੂਟਾ ਸਿੰਘ ਵਾਲਾ ਪੁੱਜੀ ਤਾਂ ਦੇਖਿਆ ਕਿ ਭਾਖੜਾ ਨਹਿਰ ਕੋਲ ਲੋਕਾਂ ਦਾ ਕਾਫੀ ਇਕੱਠ ਹੋਇਆ ਸੀ, ਜਿੱਥੇ ਪਤਾ ਲੱਗਾ ਕਿ ਉਸ ਦੀ ਲੜਕੀ ਨੇ ਆਪਣੇ ਪਤੀ ਤੋਂ ਤੰਗ ਆ ਕੇ ਨਹਿਰ 'ਚ ਛਾਲ ਮਾਰ ਕੇ ਆਤਮ ਹੱਤਿਆ ਕਰ ਲਈ, ਜਿਸ ਦੀ ਲਾਸ਼ ਬੀਤੇ ਦਿਨ 12 ਸਤੰਬਰ ਨੂੰ ਟੋਹਾਣਾ ਹੈੱਡ ਤੋਂ ਬਰਾਮਦ ਹੋਈ ਹੈ। ਥਾਣਾ ਘੱਗਾ ਦੇ ਮੁਖੀ ਅਮਨਪਾਲ ਸਿੰਘ ਵਿਰਕ ਨੇ ਦੱਸਿਆ ਕਿ ਮ੍ਰਿਤਕਾ ਦੀ ਮਾਂ ਦੇ ਬਿਆਨਾਂ ਦੇ ਅਧਾਰ 'ਤੇ ਸੋਨੀ ਸਿੰਘ ਵਾਸੀ ਪਿੰਡ ਬੂਟਾ ਵਾਲਾ ਖਿਲਾਫ ਧਾਰਾ 306 ਤਹਿਤ ਕੇਸ ਦਰਜ ਕਰਕੇ ਮਾਮਲੇ ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ।

ਜੋਗੇਵਾਲ ਦੇ ਹੜ੍ਹ ਪੀੜਤਾਂ ਵੱਲੋਂ ਦੋ ਮਹੀਨੇ ਬਾਅਦ ਵੀ ਗਿਰਦਾਵਰੀ ਨਾ ਹੋਣ ਦੇ ਦੋਸ਼

■ ਕੰਮ ਜ਼ਿਆਦਾ, ਲੋਕ ਥੋੜ੍ਹਾ ਇੰਤਜ਼ਾਰ ਕਰਨ : ਐੱਸ ਡੀ ਐੱਮ

ਜਾਣਕਾਰੀ ਦਿੰਦੇ ਹੋਏ ਪਿੰਡ ਜੋਗੇਵਾਲਾ ਦੇ ਕਿਸਾਨ।

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸਬ ਡਵੀਜ਼ਨ ਪਾਤੜਾਂ ਦੇ ਸਭ ਤੋਂ ਵੱਧ ਹੜ੍ਹ ਪ੍ਰਭਾਵਿਤ ਪਿੰਡ ਜੋਗੇਵਾਲਾ ਵਿਖੇ ਫਸਲ ਖਰਾਬੇ ਦੀ ਗਿਰਦਾਵਰੀ ਕਰਨ ਲਈ ਕੋਈ ਅਧਿਕਾਰੀ ਜਾਂ ਪਟਵਾਰੀ ਨਹੀਂ ਪਹੁੰਚਿਆ, ਜਿਸ ਕਾਰਨ ਪਿੰਡ ਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਦਕਿ ਐੱਸ ਡੀ ਐੱਮ ਪਾਤੜਾਂ ਵੱਲੋਂ ਦੇਰੀ ਦਾ ਕਾਰਨ ਕੰਮ ਜ਼ਿਆਦਾ ਹੋਣਾ ਦੱਸਿਆ ਗਿਆ ਹੈ।

ਜਾਣਕਾਰੀ ਦਿੰਦਿਆਂ ਪਿੰਡ ਜੋਗੇਵਾਲਾ ਦੇ ਕਿਸਾਨ ਆਗੂ ਫਤਿਹ ਸਿੰਘ, ਹਰਦੇਵ ਸਿੰਘ, ਹਰਬੰਸ ਸਿੰਘ, ਦਇਆ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਿੰਡ ਘੱਗਰ ਦਰਿਆ ਵਿੱਚ ਆਏ ਹੜ੍ਹਾਂ ਤੋਂ ਵੱਧ ਪ੍ਰਭਾਵਿਤ ਹੋਇਆ, ਜਿੱਥੇ ਫਸਲਾਂ ਖਰਾਬ ਹੋਣ ਦੇ ਨਾਲ ਦਸ-ਬਾਰਾਂ ਬੋਰ ਵੀ ਖਰਾਬ ਹੋ ਗਏ ਹਨ। ਆਰਥਿਕ ਮੰਦਹਾਲੀ ਦੇ ਚਲਦਿਆਂ ਕਿਸਾਨ ਦੁਬਾਰਾ ਬੋਰ ਨਹੀਂ ਲਗਵਾ ਸਕੇ, ਜਿਸ ਕਾਰਨ ਕਿਸਾਨਾਂ ਦੀ ਜ਼ਮੀਨ ਵਿੱਚ ਝੋਨੇ ਦੀ ਫਸਲ ਦੁਬਾਰਾ ਨਹੀਂ ਲਗਾਈ ਜਾ ਸਕੀ ਤੇ ਜਿਨ੍ਹਾਂ ਦੁਬਾਰਾ ਝੋਨਾ ਲਗਾਇਆ, ਉਹ ਵੀ ਮਸਾਂ ਖਰਚਾ ਪੂਰਾ ਕਰੇਗਾ। ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਭ ਤੋਂ ਵੱਧ ਹੜ੍ਹ ਪ੍ਰਭਾਵਿਤ ਪਿੰਡ ਵਿੱਚ ਅਜੇ ਤੱਕ ਕੋਈ ਗਿਰਦਾਵਰੀ ਕਰਨ ਨਹੀਂ ਆਇਆ, ਜਦਕਿ ਜਿੱਥੇ ਬਿਲਕੁੱਲ ਨੁਕਸਾਨ ਨਾ-ਮਾਤਰ ਹੋਇਆ ਹੈ, ਉਥੇ ਪਟਵਾਰੀਆਂ ਵੱਲੋਂ ਮੁਆਵਜ਼ੇ ਦੀ ਰਾਸ਼ੀ ਬੈਂਕ ਖਾਤਿਆਂ ਵਿੱਚ ਪਾਏ ਜਾਣ ਦਾ ਪਤਾ ਲੱਗਾ ਹੈ, ਜਿਸ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣ ਦੀ ਬਜਾਏ ਕਥਿਤ ਘਾਲੇ-ਮਾਲੇ ਦਾ ਸ਼ੱਕ ਪੈਂਦਾ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਨ੍ਹਾਂ ਦੇ ਪਿੰਡ ਜੋਗੇਵਾਲਾ ਵਿਖੇ ਪਟਵਾਰੀ ਨੂੰ ਤੁਰੰਤ ਹੀ ਗਿਰਦਾਵਰੀ ਕਰਨ ਲਈ ਭੇਜਿਆ ਜਾਵੇ, ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਨ੍ਹਾਂ ਨੂੰ ਮਜਬੂਰਨ ਐੱਸ ਡੀ ਐੱਮ ਪਾਤੜਾਂ ਦੇ ਦਫਤਰ ਅੱਗੇ ਧਰਨਾ ਦੇਣਾ ਪਵੇਗਾ। ਇਸ ਸਬੰਧੀ ਐੱਸ ਡੀ ਐੱਮ ਪਾਤੜਾਂ ਨਵਦੀਪ ਕੁਮਾਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਹਲਕੇ ਦੇ ਬਹੁਤ ਜ਼ਿਆਦਾ ਪਿੰਡ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਹਨ, ਇਸ ਲਈ ਪਟਵਾਰੀਆਂ ਕੋਲ ਕੰਮ ਬਹੁਤ ਜ਼ਿਆਦਾ ਹੈ, ਪਿੰਡ ਵਾਸੀਆਂ ਨੂੰ ਥੋੜ੍ਹਾ ਇੰਤਜ਼ਰ ਕਰਨਾ ਪੈ ਸਕਦਾ ਹੈ। ਜਿਸ ਕਿਸੇ ਦਾ ਹੜ੍ਹ ਨਾਲ ਨੁਕਸਾਨ ਹੋਇਆ ਹੈ, ਉਸ ਨੂੰ ਮੁਆਵਜ਼ਾ ਜ਼ਰੂਰ ਦਿੱਤਾ ਜਾਵੇਗਾ। ਇਸ ਮੌਕੇ ਪਿੰਡ ਵਾਸੀਆਂ ਵਿੱਚ ਰਾਜਦੀਪ ਸਿੰਘ, ਗੁਰਜੀਤ ਸਿੰਘ, ਸਾਬ ਸਿੰਘ, ਮਨਦੀਪ ਸਿੰਘ ਗੁਲਾਬ ਸਿੰਘ, ਸਿਮਰਜੀਤ ਸਿੰਘ, ਗੁਲਾਬ ਸਿੰਘ, ਸੁਖਪਰੀਤ ਸਿੰਘ, ਹਰਭਗਵਾਨ ਪੰਚ ਆਦਿ ਹਾਜ਼ਰ ਸਨ।

ਕਾਤਰਾਂ

ਪਸ਼ੂ ਭਲਾਈ ਕੈਂਪ ਲਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਿਵਲ ਪਸ਼ੂ ਹਸਪਤਾਲ ਮੁੱਦਕੀ ਅਧੀਨ ਆਉਂਦੇ ਪਿੰਡ ਗਿੱਲ ਵਿਖੇ ਪਸ਼ੂ ਪਾਲਣ ਵਿਭਾਗ ਪੰਜਾਬ (ਫਿਰੋਜ਼ਪੁਰ) ਤੇ ਸ਼੍ਰੀ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ ਲੁਧਿਆਣਾ ਦੇ ਮਾਹਰ ਡਾਕਟਰਾਂ ਦੀ ਟੀਮ ਵੱਲੋ ਇੱਕ ਵਿਸ਼ਾਲ ਪਸ਼ੂ ਭਲਾਈ ਕੈਂਪ ਲਾਇਆ ਗਿਆ, ਜਿਸ ਵਿੱਚ 250 ਤੋਂ ਵੱਧ ਪਸ਼ੂ ਪਾਲਕ ਸ਼ਾਮਲ ਹੋਏ। ਕੈਂਪ ਵਿੱਚ ਡਾ. ਆਰ ਕੇ ਸ਼ਰਮਾ, ਡਾ. ਬਿਲਾਵਲ ਸਿੰਘ, ਡਾ. ਗੁਰਵਿੰਦਰ ਸਿੰਘ, ਡਾ. ਸਿਮਰਨਜੀਤ ਸਿੰਘ, ਡਾ. ਗੁਰਨੂਰ ਸਿੰਘ ਆਦਿ ਡਾਕਟਰਾਂ ਦੀ ਟੀਮ ਨੇ ਪਸ਼ੂ ਪਾਲਕਾਂ ਨਾਲ ਪਸ਼ੂਆਂ ਦੀਆਂ ਭਿਆਨਕ ਬੀਮਾਰੀਆਂ, ਪਸ਼ੂਆਂ ਦੀ ਫੀਡ, ਨਸਲ ਸੁਧਾਰ, ਬਾਂਝਪਣ, ਘੱਟ ਖਰਚ ਨਾਲ ਵੱਧ ਪੈਦਾਵਾਰ ਤੇ ਚਾਰੇ ਅਤੇ ਬੈਂਕ ਲੋਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਡਾ. ਆਰਕੇ ਸ਼ਰਮਾ ਨੇ ਕੈਂਪ 'ਚ ਹਾਜ਼ਰ ਪਸ਼ੂ ਪਾਲਕਾਂ ਨੂੰ ਦੇਸੀ ਨੁਕਸੇ ਵਰਤਣ ਬਾਰੇ ਭਰਪੂਰ ਜਾਣਕਾਰੀ ਦਿੱਤੀ। ਇਸ ਸਮੇ ਬੀਮਾਰ ਪਸ਼ੂਆਂ ਦਾ ਇਲਾਜ ਕੀਤਾ ਗਿਆ ਤੇ ਮੁਫ਼ਤ ਦਵਾਈਆਂ ਵੀ ਵੰਡੀਆਂ ਗਈਆਂ। ਕੈਂਪ ਵਿੱਚ ਹਾਜ਼ਰ ਲੋਕਾਂ ਨੇ ਸਰਕਾਰ ਤੋਂ ਭਵਿੱਖ ਅਜਿਹੇ ਹੋਰ ਕੈਂਪ ਲਗਾਉਣ ਦੀ ਅਪੀਲ ਕੀਤੀ।

ਗੁਰੂ ਨੇ ਚੇਲੇ ਨਾਲ ਕੀਤੀ ਬਦਫ਼ੈਲੀ, ਮਾਮਲਾ ਦਰਜ

ਮਲੋਟ (ਗੁਰਮੀਤ ਸਿੰਘ ਮੱਕੜ)-ਪਿੰਡ ਮਲੋਟ ਦੇ 11 ਸਾਲਾਂ ਦੇ ਬੱਚੇ ਨਾਲ ਗੁਰਦੁਆਰਾ ਸਾਹਿਬ ਵਿਖੇ ਹਾਰਮੋਨੀਅਮ ਤੇ ਤਬਲਾ ਸਿਖਾਉਣ ਵਾਲੇ ਵਿਅਕਤੀ ਵੱਲੋਂ ਬਦਫੈਲੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੁਲਸ ਅਧਿਕਾਰੀ ਪ੍ਰਭਜੋਤ ਸਿੰਘ ਨੇ ਦੱਸਿਆ ਕਿ ਵੀਰ ਸਿੰਘ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਨ੍ਹਾਂ ਦਾ ਲੜਕਾ ਗੁਰਦੁਆਰਾ ਸਾਹਿਬ ਵਿਖੇ ਹਾਰਮੋਨੀਅਮ ਤੇ ਤਬਲਾ ਸਿੱਖਣ ਲਈ ਜਾਂਦਾ ਹੈ, ਜਿੱਥੇ ਗੁਰਦੁਆਰਾ ਸਾਹਿਬ ਵਿਖੇ ਰਹਿ ਰਹੇ ਇੱਕ ਵਿਅਕਤੀ, ਜਿਸ ਦਾ ਨਾਮ ਮਹਾਂਵੀਰ ਸਿੰਘ ਵਾਸੀ ਕੱਟਿਆਂਵਾਲੀ ਹੈ, ਨੇ 11 ਸਾਲਾਂ ਦੇ ਬੱਚੇ ਨਾਲ ਬਦਫੈਲੀ ਕੀਤੀ ਹੈ। ਇਸ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਮਾਮਲਾ ਦਰਜ ਕਰਕੇ ਕਥਿਤ ਦੋਸ਼ੀ ਨੂੰ ਜੇਲ੍ਹ ਭੇਜ ਦਿੱਤਾ ਹੈ।

ਬਜ਼ੁਰਗ ਵੱਲੋਂ ਖ਼ੁਦਕੁਸ਼ੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਦੇ ਕਸਬਾ ਗੁਰੂ ਹਰਸਹਾਏ ਨੇੜੇ ਇੱਕ ਵਿਅਕਤੀ ਨੇ ਰੇਲਗੱਡੀ ਹੇਠ ਆ ਕੇ ਖੁਦਕੁਸ਼ੀ ਕਰ ਲੈਣ ਦੀ ਖਬਰ ਮਿਲੀ ਹੈ। ਆਤਮਹੱਤਿਆ ਕਰਨ ਵਾਲੇ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਹੈ। ਹਾਲਾਂਕਿ ਘਟਨਾ ਵਾਲੀ ਥਾਂ ਦੇ ਨਜ਼ਦੀਕ ਇੱਕ ਲਾਵਾਰਸ ਮੋਟਰਸਾਈਕਲ ਮਿਲਿਆ ਹੈ।ਖੁਦਕੁਸ਼ੀ ਕਰਨ ਲਈ ਉਕਤ ਅੱਧਖੜ ਉਮਰ ਦੇ ਵਿਅਕਤੀ ਨੇ ਆਪਣਾ ਸਿਰ ਰੇਲਵੇ ਟ੍ਰੈਕ 'ਤੇ ਰੱਖ ਦਿੱਤਾ ਸੀ, ਜਿਸ ਕਾਰਨ ਉਸ ਦਾ ਸਿਰ ਸਰੀਰ ਤੋਂ ਵੱਖ ਹੋ ਗਿਆ।ਇਹ ਹਾਦਸਾ ਫ਼ਿਰੋਜ਼ਪੁਰ-ਫ਼ਾਜ਼ਿਲਕਾ ਰੇਲਵੇ ਲਾਈਨ 'ਤੇ ਦੁਪਹਿਰ ਵੇਲੇ ਵਾਪਰਿਆ।ਪ੍ਰਾਪਤ ਜਾਣਕਾਰੀ ਅਨੁਸਾਰ ਟਰੇਨ ਫ਼ਿਰੋਜ਼ਪੁਰ ਤੋਂ ਫ਼ਾਜ਼ਿਲਕਾ ਵੱਲ ਜਾ ਰਹੀ ਸੀ।ਇਸ ਘਟਨਾ ਦੀਆਂ ਤਸਵੀਰਾਂ ਤੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।ਹਾਲਾਂਕਿ ਅਜੇ ਤੱਕ ਮ੍ਰਿਤਕ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਹੈ। ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਭਾਜਪਾ ਮੰਡਲ ਬਰੇਟਾ ਦੀ ਮੀਟਿੰਗ

ਬਰੇਟਾ (ਗੀਤਵਾਲ)-ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਦੀ ਮੀਟਿੰਗ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪਾਰਟੀ ਵੱਲੋਂ ਨਵੇਂ ਨਿਯੁਕਤ ਕੀਤੇ ਮੰਡਲ ਪ੍ਰਭਾਰੀ ਸੁਖਦਰਸ਼ਨ ਸ਼ਰਮਾ ਤੇ ਵਿਧਾਨ ਸਭਾ ਹਲਕਾ ਬੁਢਲਾਡਾ ਦੇ ਵਿਸਥਾਰਕ ਸ਼ੰਕਰ ਬਾਂਸਲ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਕੇਂਦਰ ਸਰਕਾਰ ਵੱਲੋਂ ਚਲਾਏ ਜਾ ਰਹੇ ਅਭਿਆਨ ਮੇਰੀ ਮਿੱਟੀ ਮੇਰਾ ਦੇਸ਼ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਇਸ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵਰਕਰਾਂ ਨੂੰ ਪ੍ਰੇਰਿਤ ਕੀਤਾ ਗਿਆ। ਇਸ ਮੀਟਿੰਗ ਵਿੱਚ ਅਮਿਤ ਜੈਨ ਤੇ ਉਨ੍ਹਾਂ ਦੇ ਪਰਿਵਾਰ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ ਗਿਆ। ਇਸ ਮੌਕੇ ਸੀਨੀਅਰ ਆਗੂ ਪ੍ਰੇਮ ਕੁਮਾਰ ਬਖਸ਼ੀਵਾਲਾ, ਜਗਸੀਰ ਸ਼ਰਮਾ, ਅਸ਼ੋਕ ਕਾਲੀ, ਗੀਸ਼ੂ ਜਿੰਦਲ, ਬਲਵੀਰ ਸਿੰਘ, ਨਰਿੰਦਰ ਕੁਮਾਰ ਹਾਜ਼ਰ ਸਨ।

ਪੰਜਾਬ ਫਾਰੈਸਟ ਪੈਨਸ਼ਨਰਜ਼ ਦੇ ਚੋਣ ਅਜਲਾਸ ਦੀਆਂ ਤਿਆਰੀਆਂ ਮੁਕੰਮਲ : ਧਾਲੀਵਾਲ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫਿਰੋਜ਼ਪੁਰ ਦੇ ਕਨਵੀਨਰ ਮਹਿੰਦਰ ਸਿੰਘ ਧਾਲੀਵਾਲ ਤੇ ਪ੍ਰੈੱਸ ਸਕੱਤਰ ਜਗਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਵਣ ਵਿਭਾਗ ਦੇ ਸੇਵਾ ਮੁਕਤ ਮੁਲਾਜ਼ਮਾਂ ਦੀਆਂ ਚੱਲਦੀਆਂ ਆ ਰਹੀਆਂ ਮੁਸ਼ਕਲਾਂ ਦਾ ਹੱਲ ਕਰਨ ਲਈ ਸਰਕਾਰ ਨੂੰ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਵਣ ਵਿਭਾਗ ਵਿੱਚੋਂ ਸੇਵਾ ਮੁਕਤ ਹੋਏ ਮੁਲਾਜ਼ਮਾਂ ਤੇ ਡਿਊਟੀ ਦੌਰਾਨ ਮ੍ਰਿਤਕ ਮੁਲਾਜ਼ਮਾਂ ਦੇ ਪਰਵਾਰਾਂ ਨੂੰ ਲੋੜੀਂਦਾ ਰਿਕਾਰਡ ਨਹੀਂ ਦਿੱਤਾ ਜਾ ਰਿਹਾ ਅਤੇ

15-SEP-PAGE-1.qxd 9/14/2023 8:12 PM Page 1

ਸ਼ੁੱਕਰਵਾਰ, 15 ਸਤੰਬਰ, 2023
30 ਭਾਦੋਂ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 105

ਨਵਾਂ ਜ਼ਮਾਨਾ

DAILY NAWAN ZAMANA • FRIDAY, 15 SEPTEMBER, 2023
ਜਲੰਧਰ

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਸਰਹੱਦੀ ਜ਼ਿਲ੍ਹਿਆਂ 'ਚ ਸਨਅਤੀਕਰਨ ਨੂੰ ਹੁਲਾਰਾ ਦੇਣ ਦਾ ਐਲਾਨ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀਰਵਾਰ ਨੂੰ ਐਲਾਨ ਕੀਤਾ ਕਿ ਸੂਬੇ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਸਨਅਤੀਕਰਨ ਨੂੰ ਤੇਜ਼ ਕੀਤਾ ਜਾਵੇਗਾ।

ਇੱਥੇ ਪਹਿਲੀ ਸਰਕਾਰ-ਸਨਅਤਕਾਰ ਮਿਲਣੀ ਦੌਰਾਨ ਸਨਅਤਕਾਰਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਰਹੱਦੀ ਖਿੱਤੇ ਵਿੱਚ ਸਨਅਤ ਦਾ ਸਮੁੱਚਾ ਵਿਕਾਸ ਯਕੀਨੀ ਬਣਾਉਣ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸਰਹੱਦੀ ਖੇਤਰ ਵਿੱਚ ਬਾਰਡਰ ਆਈਡੈਂਟੀਫਿਕੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾਵੇਗਾ ਅਤੇ ਇਸ ਸੰਬੰਧੀ ਪ੍ਰਕਿਰਿਆ ਵਿੱਚ ਲੋੜੀਦੀਆਂ ਤਬਦੀਲੀਆਂ ਕੀਤੀਆਂ ਜਾਣਗੀਆਂ। ਮਾਨ ਨੇ ਕਿਹਾ ਕਿ ਇਸ ਨਾਲ ਸੂਬੇ ਦੇ ਖਾਸ ਤੌਰ ਉਤੇ ਸਰਹੱਦੀ ਖੇਤਰ ਵਿੱਚ ਸੂਬੇ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣ ਵਿੱਚ ਮਦਦ ਮਿਲੇਗੀ।

ਮੁੱਖ ਮੰਤਰੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਹੋਈ ਇਸ ਮਿਲਣੀ ਦੀ ਸ਼ੁਰੂਆਤ ਮੌਕੇ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਹਮਲੇ ਵਿੱਚ ਪੰਜਾਬ ਦੇ ਕਰਨਲ ਮਨਪ੍ਰੀਤ ਸਿੰਘ ਸਮੇਤ ਹੋਰ ਸ਼ਹੀਦ ਹੋਏ ਜਵਾਨਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੌਨ ਰੱਖਿਆ ਗਿਆ।

ਇਸ ਤੋਂ ਬਾਅਦ ਮੁੱਖ ਮੰਤਰੀ ਨੇ ਕਿਹਾ ਕਿ ਚੋਣਾਂ ਦੀ ਤਿਆਰੀ ਦੌਰਾਨ ਉਨ੍ਹਾਂ ਸਨਅਤਕਾਰਾਂ ਨੂੰ ਕਈ ਗਰੰਟੀਆਂ ਦਿੱਤੀਆਂ ਸਨ। ਹੁਣ ਸਰਕਾਰ ਬਣੀ ਨੂੰ 18 ਮਹੀਨੇ ਹੋਣ ਮਗਰੋਂ ਉਹ ਵੱਖ-ਵੱਖ ਖੇਤਰਾਂ ਵਿੱਚ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੱਸਣ ਲਈ ਇੱਥੇ ਆਏ ਹਨ। ਸੂਬੇ ਵਿੱਚ ਸਨਅਤ ਨੂੰ ਸਹੂਲਤ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਖੇਤੀਬਾੜੀ ਲਈ ਕਿਸਾਨਾਂ ਨੂੰ ਨਹਿਰੀ ਪਾਣੀ ਦੇਣ ਦੀ ਤਰਜ਼ ਉਤੇ ਸੂਬਾ ਸਰਕਾਰ ਸਨਅਤੀ ਇਕਾਈਆਂ ਲਈ ਨਹਿਰੀ ਪਾਣੀ ਦੀ ਤਰਕਸੰਗਤ ਵਰਤੋਂ ਨੂੰ ਯਕੀਨੀ ਬਣਾਏਗੀ। ਮੁੱਖ ਮੰਤਰੀ ਨੇ ਕਿਹਾ ਕਿ ਸਨਅਤਕਾਰਾਂ ਦੀਆਂ ਲੋੜਾਂ ਮੁਤਾਬਕ ਸਨਅਤਾਂ ਲਈ ਨੀਤੀਆਂ ਬਣਾਈਆਂ ਜਾਣਗੀਆਂ। ਉਨ੍ਹਾ ਕਿਹਾ ਕਿ ਸਨਅਤਾਂ ਜੋ ਵੀ ਮੰਗ ਕਰਨਗੀਆਂ, ਸੂਬਾ ਸਰਕਾਰ ਉਹ ਮੰਗਾਂ ਛੇਤੀ ਤੋਂ ਛੇਤੀ ਪੂਰੀਆਂ ਕਰੇਗੀ। ਉਹਨਾ ਕਿਹਾ ਕਿ ਖਿੱਤੇ ਵਿੱਚ ਆਰਥਕ ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਇਹ ਸਮੇਂ ਦੀ ਲੋੜ ਹੈ।

ਉਹਨਾ ਇਹ ਵੀ ਐਲਾਨ ਕੀਤਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਰੋਜ਼ਾਨਾ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਇਕ ਸਮਰਪਿਤ ਫੋਰਸ ਤਿਆਰ ਕੀਤੀ ਜਾਵੇਗੀ। ਅੰਮ੍ਰਿਤਸਰ ਵਿੱਚ ਰੋਜ਼ਾਨਾ ਤਕਰੀਬਨ ਇਕ ਲੱਖ ਸ਼ਰਧਾਲੂ ਆਉਂਦੇ ਹਨ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵਿਸ਼ੇਸ਼ ਫੋਰਸ ਦੀ ਲੋੜ ਹੈ। ਪੰਜਾਬ ਪੁਲਸ ਦੀ ਇਹ ਸਮਰਪਿਤ ਇਕਾਈ ਦੀ ਵੱਖਰੀ ਵਰਦੀ ਹੋਵੇਗੀ, ਤਾਂ ਕਿ ਉਨ੍ਹਾਂ ਦੀ ਆਸਾਨੀ ਨਾਲ ਪਛਾਣ ਹੋ ਸਕੇ। ਮੁੱਖ ਮੰਤਰੀ ਨੇ ਆਗਾਮੀ ਦਿਨਾਂ ਵਿੱਚ ਇਸ ਪਵਿੱਤਰ ਸ਼ਹਿਰ ਵਿੱਚ ਸ਼ਟਲ ਬੱਸ ਸੇਵਾ ਸ਼ੁਰੂ ਕਰਨ ਦਾ ਵੀ ਐਲਾਨ ਕੀਤਾ। ਇਸ ਨਾਲ ਸ਼ਹਿਰ ਵਿੱਚ ਪ੍ਰਦੂਸ਼ਣ ਦਾ ਪੱਧਰ ਘਟਾਉਣ ਵਿੱਚ ਮਦਦ ਮਿਲੇਗੀ, ਜਿਸ ਨਾਲ ਸ਼ਰਧਾਲੂਆਂ ਤੇ ਸ਼ਹਿਰ ਵਾਸੀਆਂ ਨੂੰ ਵੱਡਾ ਫਾਇਦਾ ਹੋਵੇਗਾ। ਸੂਬਾ ਸਰਕਾਰ ਪੁਲਸ ਤੇ ਟਰੈਫਿਕ ਮੈਨੇਜਮੈਂਟ ਲਈ ਆਰਟੀਫਿਸ਼ਲ ਇੰਟੈਲੀਜੈਂਸ ਦੀ ਵਰਤੋਂ ਕਰਨ ਦੀ ਤਿਆਰੀ ਵਿੱਚ ਹੈ। ਉਨ੍ਹਾ ਕਿਹਾ ਕਿ ਇਹ ਲੋਕਾਂ ਦੀ ਭਲਾਈ ਲਈ ਪੰਜਾਬ ਪੁਲਸ ਦੀ ਕਾਰਜਪ੍ਰਣਾਲੀ ਨੂੰ ਵਿਗਿਆਨਕ ਲੀਹਾਂ ਉਤੇ ਢਾਲਣ ਵਿੱਚ ਮਦਦ ਕਰੇਗਾ।

ਉਹਨਾ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਆਉਣ ਵਾਲੇ ਲੋਕਾਂ ਦੀ ਭਲਾਈ ਲਈ ਹਰੇਕ ਕਦਮ ਚੁੱਕਿਆ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਉਦਯੋਗਪਤੀ ਕਿਸੇ ਸਰਕਾਰ ਉਤੇ ਉਸ ਵੇਲੇ ਹੀ ਭਰੋਸਾ ਕਰਦੇ ਹਨ, ਜਦੋਂ ਉਨ੍ਹਾਂ ਲਈ ਭ੍ਰਿਸ਼ਟਾਚਾਰ ਮੁਕਤ ਸ਼ਾਸਨ, ਅਪਰਾਧ ਮੁਕਤ ਮਾਹੌਲ ਅਤੇ ਅਮਨ-ਕਾਨੂੰਨ ਦੀ ਢੁਕਵੀਂ ਵਿਵਸਥਾ ਹੋਵੇ। ਉਹਨਾ ਕਿਹਾ ਕਿ ਉਨ੍ਹਾ ਦੀ ਸਰਕਾਰ ਨੇ ਲੋਕਾਂ ਵੱਲੋਂ ਦਿੱਤੇ ਜਾਂਦੇ ਟੈਕਸਾਂ ਦੇ ਬਦਲੇ ਉਨ੍ਹਾਂ ਨੂੰ ਢੁਕਵੇਂ ਲਾਭ ਦਿੱਤੇ ਹਨ ਅਤੇ ਟੈਕਸ ਦੇ ਇਕ-ਇਕ ਪੈਸੇ ਦੀ ਵਰਤੋਂ ਸਮਾਜ ਦੇ ਭਲੇ ਲਈ ਕੀਤੀ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਦੇ ਸੰਜੀਦਾ ਯਤਨਾਂ ਸਦਕਾ ਸੂਬੇ ਵਿੱਚ 50,840 ਕਰੋੜ ਰੁਪਏ ਦਾ ਨਿਵੇਸ਼ ਆ ਚੁੱਕਾ ਹੈ। ਉਨ੍ਹਾ ਕਿਹਾ ਕਿ ਟਾਟਾ ਸਟੀਲ ਨੇ ਜਮਸ਼ੇਦਪੁਰ ਤੋਂ ਬਾਅਦ ਦੂਜਾ ਸਭ ਤੋਂ ਵੱਡਾ ਨਿਵੇਸ਼ ਪੰਜਾਬ ਵਿੱਚ ਕੀਤਾ ਹੈ। ਇਸੇ ਤਰ੍ਹਾਂ ਜਿੰਦਲ ਸਟੀਲ, ਵਰਬੀਓ, ਕਲਾਸ, ਟੈਫੇ, ਹਿੰਦੋਸਤਾਨ ਲਿਵਰ ਸਮੇਤ ਕਈ ਵੱਡੀਆਂ ਕੰਪਨੀਆਂ ਵੱਲੋਂ ਸੂਬੇ ਵਿਚ ਨਿਵੇਸ਼ ਕੀਤਾ ਜਾ ਰਿਹਾ ਹੈ।

ਉਹਨਾ ਕਿਹਾ ਕਿ ਇਸ ਨਿਵੇਸ਼ ਨਾਲ ਸੂਬੇ ਵਿੱਚ 2.25 ਲੱਖ ਨੌਜਵਾਨਾਂ ਨੂੰ ਰੋਜ਼ਗਾਰ ਮਿਲੇਗਾ। ਮੁੱਖ ਮੰਤਰੀ ਨੇ ਅੰਮ੍ਰਿਤਸਰ ਵਿਖੇ 50-100 ਏਕੜ ਰਕਬੇ ਵਿੱਚ ਸੈਲੀਬ੍ਰੇਸ਼ਨ ਪੁਆਇੰਟ (ਖੁਸ਼ੀਆਂ ਵਾਲੇ ਸਮਾਗਮ ਕਰਵਾਉਣ ਲਈ ਵਿਸ਼ੇਸ਼ ਥਾਂ) ਸਥਾਪਤ ਕਰਨ ਦਾ ਐਲਾਨ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਹਾਲ ਹੀ ਸੈਰ-ਸਪਾਟਾ ਸੰਮੇਲਨ ਕਰਵਾਇਆ ਹੈ। ਉਨ੍ਹਾ ਕਿਹਾ ਕਿ ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਨਿਵੇਸ਼ਕਾਰਾਂ ਨੇ ਸੂਬੇ ਵਿੱਚ ਲਗਭਗ 1200-1500 ਕਰੋੜ ਦਾ ਨਿਵੇਸ਼ ਕਰਨ ਦੀ ਇੱਛਾ ਪ੍ਰਗਟਾਈ ਹੈ। ਉਹਨਾ ਕਿਹਾ ਕਿ ਇਹ ਨਿਵੇਸ਼ ਸੂਬੇ ਨੂੰ ਕੌਮਾਂਤਰੀ ਸੈਰ-ਸਪਾਟੇ ਦੇ ਨਕਸ਼ੇ ਉਤੇ ਹੋਰ ਉਭਾਰੇਗਾ।

ਕੇਜਰੀਵਾਲ ਨੇ ਮਾਨ ਨੂੰ ਹੁਣ ਤੱਕ ਦਾ ਸਭ ਤੋਂ ਕਾਬਲ ਤੇ ਬਿਹਤਰ ਮੁੱਖ ਮੰਤਰੀ ਦੱਸਿਆ

ਅੰਮ੍ਰਿਤਸਰ : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਸੂਬੇ ਵਿੱਚ ਉਦਯੋਗਿਕ ਵਿਕਾਸ ਲਈ ਕੀਤੇ ਜਾ ਰਹੇ ਵੱਡੇ ਉਪਰਾਲਿਆਂ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸ਼ਲਾਘਾ ਕੀਤੀ। ਇੱਥੇ 'ਸਰਕਾਰ-ਸਨਅਤਕਾਰ ਮਿਲਣੀ' ਦੌਰਾਨ ਆਪਣੇ ਸੰਬੋਧਨ ਵਿੱਚ ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਹੁਣ ਹਰੇਕ ਖੇਤਰ ਵਿਚ ਨਵੇਂ ਕੀਰਤੀਮਾਨ ਸਥਾਪਤ ਕਰ ਰਿਹਾ ਹੈ। ਉਨ੍ਹਾ ਕਿਹਾ ਕਿ ਪੰਜਾਬ ਨੂੰ ਭਗਵੰਤ ਸਿੰਘ ਮਾਨ ਦੇ ਰੂਪ ਵਿੱਚ ਸੂਬੇ ਦਾ ਸਭ ਤੋਂ ਬਿਹਤਰ ਤੇ ਕਾਬਲ ਮੁੱਖ ਮੰਤਰੀ ਮਿਲਿਆ ਹੈ। ਕੇਜਰੀਵਾਲ ਨੇ ਕਿਹਾ ਕਿ ਪੰਜਾਬ ਹਰੇਕ ਖੇਤਰ ਵਿੱਚ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ, ਜਿਸ ਦਾ ਕੋਈ ਸਾਨੀ ਨਹੀਂ।

ਉਹਨਾ ਕਿਹਾ ਕਿ ਉਨ੍ਹਾ ਨੂੰ ਅਜੇ ਵੀ ਯਾਦ ਹੈ ਕਿ ਆਮ ਆਦਮੀ ਪਾਰਟੀ ਨੇ ਅੰਮ੍ਰਿਤਸਰ ਦੀ ਧਰਤੀ ਉਤੇ ਚੋਣਾਂ ਤੋਂ ਪਹਿਲਾਂ ਉਦਯੋਗਪਤੀਆਂ ਨਾਲ ਬਹੁਤ ਸਾਰੀਆਂ ਗਾਰੰਟੀਆਂ ਦਾ ਵਾਅਦਾ ਕੀਤਾ ਸੀ। ਉਨ੍ਹਾ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਸਨਅਤਕਾਰਾਂ ਨੂੰ ਦਿੱਤੀ ਹਰੇਕ ਗਾਰੰਟੀ ਪੂਰੀ ਕਰੇਗੀ। ਉਹਨਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਨਿੱਜੀ ਤੌਰ ਉਤੇ ਹਰੇਕ ਵੱਡੇ ਉਦਯੋਗਪਤੀਆਂ ਤੱਕ ਪਹੁੰਚ ਕੀਤੀ ਸੀ ਅਤੇ ਇਨ੍ਹਾਂ ਕੋਸ਼ਿਸ਼ਾਂ ਦੇ ਸਿੱਟੇ ਵਜੋਂ ਆਪ ਸਰਕਾਰ ਦੇ ਸੱਤਾ ਵਿੱਚ ਆਉਣ ਦੇ ਡੇਢ ਸਾਲ ਦੇ ਅੰਦਰ ਸੂਬੇ ਵਿੱਚ 50000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੋਇਆ ਹੈ। ਉਨ੍ਹਾ ਕਿਹਾ ਕਿ ਇਹ ਨਿਵੇਸ਼ ਸੂਬੇ ਵਿਚ 2.86 ਨੌਕਰੀਆਂ ਪੈਦਾ ਕਰੇਗਾ।

ਦਿੱਲੀ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾ ਪੰਜਾਬ ਦੇ ਮੁੱਖ ਮੰਤਰੀ ਨੂੰ ਹਰੇਕ ਤਿੰਨ ਮਹੀਨੇ ਬਾਅਦ ਸਨਅਤਕਾਰਾਂ ਨਾਲ ਅਜਿਹੀਆਂ ਮਿਲਣੀਆਂ ਕਰਵਾਉਣ ਲਈ ਆਖਿਆ ਹੈ। ਉਹਨਾ ਕਿਹਾ, 'ਭਗਵੰਤ ਸਿੰਘ ਮਾਨ ਮੇਰੇ ਛੋਟੇ ਭਰਾ ਹਨ ਅਤੇ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਕੀਤੇ ਜਾ ਰਹੇ ਯਤਨਾਂ ਲਈ ਮੈਨੂੰ ਉਨ੍ਹਾ ਉਤੇ ਬਹੁਤ ਮਾਣ ਹੈ।'

14 ਟੀ ਵੀ ਐਂਕਰਾਂ ਦਾ ਬਾਈਕਾਟ

ਨਵੀਂ ਦਿੱਲੀ : ਆਪੋਜ਼ੀਸ਼ਨ ਪਾਰਟੀਆਂ ਨੇ 14 ਅਜਿਹੇ ਟੈਲੀਵੀਯਨ ਐਂਕਰਾਂ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ, ਜਿਹੜੇ ਰਿਰਕੂ ਤੇ ਭੜਕਾਊ ਬਹਿਸਾਂ ਕਰਾਉਂਦੇ ਹਨ ਅਤੇ ਆਪੋਜ਼ੀਸ਼ਨ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਬੋਲਣ ਦਾ ਬਹੁਤ ਘੱਟ ਮੌਕਾ ਦਿੰਦੇ ਹਨ। ਆਪੋਜ਼ੀਸ਼ਨ ਪਾਰਟੀਆਂ ਇਨ੍ਹਾਂ ਦੇ ਸ਼ੋਅ ਵਿਚ ਆਪਣੇ ਨੁਮਾਇੰਦੇ ਨਹੀਂ ਘੱਲਣਗੀਆਂ।

ਜਵਾਨਾਂ ਦੀ ਸ਼ਹਾਦਤ, ਬਾਦਸ਼ਾਹ ਦਾ ਜਸ਼ਨ

ਨਵੀਂ ਦਿੱਲੀ : ਕਈ ਆਪੋਜ਼ੀਸ਼ਨ ਪਾਰਟੀਆਂ ਨੇ ਵੀਰਵਾਰ ਭਾਜਪਾ ਦੀ ਇਸ ਗੱਲੋਂ ਕਰੜੀ ਨਿੰਦਾ ਕੀਤੀ ਕਿ ਜਦੋਂ ਬੁੱਧਵਾਰ ਜੰਮੂ-ਕਸ਼ਮੀਰ ਵਿਚ ਫੌਜੀ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਹੋ ਰਹੇ ਸਨ ਤਾਂ ਉਹ ਜੀ-20 ਸਿਖਰ ਸੰਮੇਲਨ ਦੇ ਜਸ਼ਨ ਮਨਾ ਰਹੀ ਸੀ। ਅਨੰਤਨਾਗ ਦੇ ਗਰੋਲ ਇਲਾਕੇ ਵਿਚ ਦਹਿਸ਼ਤਗਰਦਾਂ ਨਾਲ ਮੁਕਾਬਲੇ ਦੌਰਾਨ ਕਰਨਲ ਮਨਪ੍ਰੀਤ ਸਿੰਘ, ਮੇਜਰ ਅਸ਼ੀਸ਼ ਧੋਨਾਕ ਤੇ ਡੀ ਐੱਸ ਪੀ ਹੁਮਾਯੂੰ ਭੱਟ ਸ਼ਹੀਦ ਹੋ ਗਏ। ਕਾਂਗਰਸ ਦੇ ਮੀਡੀਆ ਇੰਚਾਰਜ ਪਵਨ ਖੇੜਾ ਨੇ ਸ਼ਹੀਦਾਂ ਦੇ ਪਰਵਾਰਾਂ ਵੱਲੋਂ ਸੋਗ ਮਨਾਉਣ ਤੇ ਪ੍ਰਧਾਨ ਮੰਤਰੀ ਦੇ ਭਾਜਪਾ ਹੈੱਡਕੁਆਰਟਰ ਵਿਚ ਜ਼ੋਰਦਾਰ ਸਵਾਗਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਖੇੜਾ ਨੇ ਲਿਖਿਆ—

● ਬਾਕੀ ਸਫ਼ਾ 10 'ਤੇ

ਈ ਡੀ ਨੇ ਕਵਿਤਾ ਨੂੰ ਸੱਦਿਆ

ਨਵੀਂ ਦਿੱਲੀ : ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਦਿੱਲੀ ਆਬਕਾਰੀ ਨੀਤੀ ਮਾਮਲੇ 'ਚ ਭਾਰਤ ਰਾਸ਼ਟਰ ਸਮਿਤੀ ਦੇ ਆਗੂ ਤੇ ਤੇਲੰਗਾਨਾ ਦੇ ਮੁੱਖ ਮੰਤਰੀ ਚੰਦਰਸ਼ੇਖਰ ਰਾਓ ਦੀ ਬੇਟੀ ਕੇ ਕਵਿਤਾ ਨੂੰ ਪੁੱਛ-ਪੜਤਾਲ ਲਈ ਸ਼ੁੱਕਰਵਾਰ ਨੂੰ ਆਪਣੇ ਦਿੱਲੀ ਦਫਤਰ 'ਚ ਤਲਬ ਕੀਤਾ ਹੈ। ਈ ਡੀ ਨੇ ਕਵਿਤਾ ਤੋਂ ਮਾਰਚ ਮਹੀਨੇ 'ਚ ਕਈ ਵਾਰ ਪੁੱਛਗਿੱਛ ਕੀਤੀ ਸੀ। ਉਸ ਨੇ ਜਾਂਚ ਏਜੰਸੀ ਨੂੰ ਆਪਣੇ ਮੋਬਾਇਲ ਫੋਨ ਸੌਂਪਣੇ ਹਨ।

ਸੁਪਰੀਮ ਕੋਰਟ ਦੇ ਕੇਸਾਂ ਦਾ ਡੈਟਾ ਅਪਲੋਡ ਹੋਵੇਗਾ

ਨਵੀਂ ਦਿੱਲੀ : ਦੇਸ਼ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਵੀਰਵਾਰ ਐਲਾਨ ਕੀਤਾ ਕਿ ਸੁਪਰੀਮ ਕੋਰਟ ਦੇ ਡੈਟਾ ਨੂੰ ਛੇਤੀ ਹੀ ਕੌਮੀ ਨਿਆਂਇਕ ਡੈਟਾ ਗਰਿੱਡ (ਐੱਨ ਜੇ ਡੀ ਜੀ) ਨਾਲ ਜੋੜਿਆ ਜਾਵੇਗਾ ਤਾਂ ਕਿ ਪੈਂਡਿੰਗ ਕੇਸਾਂ ਅਤੇ ਜਿਨ੍ਹਾਂ ਕੇਸਾਂ ਦਾ ਨਿਬੇੜਾ ਹੋ ਚੁੱਕਾ ਹੈ, ਉਨ੍ਹਾਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਮਿਲ ਸਕੇ। ਮੌਜੂਦਾ ਸਮੇਂ ਇਸ ਪੋਰਟਲ 'ਤੇ ਹਾਈ ਕੋਰਟਾਂ ਨਾਲ ਸੰਬੰਧਤ ਡੈਟਾ ਹੀ ਅਪਲੋਡ ਕੀਤਾ ਜਾਂਦਾ ਹੈ। ਉਨ੍ਹਾ ਕਿਹਾ ਕਿ ਇਸ ਪੋਰਟਲ ਨੂੰ ਐੱਨ ਆਈ ਸੀ ਤੇ ਸੁਪਰੀਮ ਕੋਰਟ ਦੀ ਟੀਮ ਨੇ ਤਿਆਰ ਕੀਤਾ ਹੈ।

ਜਿੱਤਿਆ ਤਾਂ 75 ਫੀਸਦੀ ਸਰਕਾਰੀ ਮੁਲਾਜ਼ਮ ਛਾਂਗ ਦੇਵਾਂਗਾ : ਰਾਮਾਸਵਾਮੀ

ਵਾਸ਼ਿੰਗਟਨ : ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਬਣਨ ਦੀ ਦੌੜ 'ਚ ਸ਼ਾਮਲ ਭਾਰਤੀ-ਅਮਰੀਕੀ ਵਿਵੇਕ ਰਾਮਾਸਵਾਮੀ ਨੇ ਵੀਰਵਾਰ ਕਿਹਾ ਕਿ ਜੇ ਉਹ 2024 ਦੀ ਚੋਣ ਜਿੱਤਦੇ ਹਨ ਤਾਂ ਸੰਘੀ ਸਰਕਾਰ ਦੇ 75 ਫੀਸਦੀ ਤੋਂ ਮੁਲਾਜ਼ਮਾਂ ਨੂੰ ਹਟਾ ਦੇਣਗੇ ਅਤੇ ਐੱਫ ਬੀ ਆਈ ਵਰਗੀਆਂ ਪ੍ਰਮੁੱਖ ਏਜੰਸੀਆਂ ਨੂੰ ਬੰਦ ਕਰ ਦੇਣਗੇ। ਇਕ ਇੰਟਰਵਿਊ ਦੌਰਾਨ ਉਨ੍ਹਾ ਕਿਹਾ ਕਿ ਉਨ੍ਹਾ ਦਾ ਟੀਚਾ ਚਾਰ ਸਾਲਾਂ 'ਚ 22 ਲੱਖ ਮੁਲਾਜ਼ਮਾਂ ਵਿੱਚੋਂ 75 ਫੀਸਦੀ ਨੂੰ ਹਟਾਉਣਾ ਹੈ, ਜਿਸ ਨਾਲ ਸਰਕਾਰ ਨੂੰ ਅਰਬਾਂ ਡਾਲਰ ਦੀ ਬਚਤ ਹੋਵੇਗੀ। 'ਨਿਊ ਯਾਰਕ ਟਾਈਮਜ਼' ਅਨੁਸਾਰ ਸੰਘੀ ਸਰਕਾਰ 'ਚ ਲਗਭਗ 22 ਲੱਖ 50 ਹਜ਼ਾਰ ਮੁਲਾਜ਼ਮ ਕੰਮ ਕਰਦੇ ਹਨ।

ਮੋਦੀ ਫਿਰ ਆਪੋਜ਼ੀਸ਼ਨ ਦੀ ਬੇਇੱਜ਼ਤੀ ਕਰਨ 'ਤੇ ਉਤਰੇ : ਕਾਂਗਰਸ

ਬੀਨਾ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਦਲਾਂ ਦੇ ਗੱਠਜੋੜ 'ਇੰਡੀਆ' ਨੂੰ ਘਮੰਡੀਆ ਦੱਸਦਿਆਂ ਵੀਰਵਾਰ ਦੋਸ਼ ਲਾਇਆ ਕਿ

15-Sep-PAGE-4.qxd 9/14/2023 6:24 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 15 ਸਤੰਬਰ 2023

ਬਹੁਧਰੁਵੀ ਸੰਸਾਰ ਦਾ ਸੰਮੇਲਨ

ਜੀ-20 ਨਵੀਂ ਦਿੱਲੀ ਸਿਖਰ ਸੰਮੇਲਨ ਸਫ਼ਲਤਾਪੂਰਨ ਸਮਾਪਤ ਹੋ ਗਿਆ। ਸਾਡੇ ਸਮੇਤ ਬਹੁਤ ਸਾਰੇ ਟਿੱਪਣੀਕਾਰਾਂ ਦੀ ਇਹ ਸੋਚ ਸੀ ਕਿ ਨਵੀਂ ਦਿੱਲੀ ਸਿਖ਼ਰ ਸੰਮੇਲਨ ਜੀ-20 ਗੁੱਟ ਦੇ ਅੰਤ ਦੀ ਸ਼ੁਰੂਆਤ ਹੋ ਨਿੱਬੜੇਗਾ, ਪਰ ਇਹ ਸੰਮੇਲਨ ਤਾਂ ਇਸ ਤੋਂ ਅੱਗੇ ਵਧ ਕੇ ਦੁਨੀਆ ਉੱਤੇ ਪੱਛਮ ਦੀ ਸਰਦਾਰੀ ਦੇ ਅੰਤ ਦਾ ਸੰਮੇਲਨ ਹੋ ਨਿੱਬੜਿਆ ਹੈ।

ਇਹ ਹਕੀਕਤ ਤਾਂ ਕਾਫ਼ੀ ਚਿਰ ਪਹਿਲਾਂ ਤੋਂ ਸਾਹਮਣੇ ਆ ਗਈ ਸੀ ਕਿ ਬਦਲ ਰਹੇ ਵਿਸ਼ਵ ਸ਼ਕਤੀ ਸੰਤੁਲਨ ਦੇ ਮੱਦੇਨਜ਼ਰ ਹੁਣ ਇੱਕ-ਧਰੁਵੀ ਸੰਸਾਰ ਦੇ ਦਿਨ ਪੁੱਗ ਚੁੱਕੇ ਹਨ, ਪਰ ਇਹ ਆਸ ਨਹੀਂ ਸੀ ਕਿ ਅਮਰੀਕਾ ਦੀ ਅਗਵਾਈ ਵਿੱਚ ਵਿਕਸਤ ਸਾਮਰਾਜੀ ਦੇਸ਼ ਏਨੀ ਛੇਤੀ ਹਾਰ ਮੰਨ ਜਾਣਗੇ। ਪਿਛਲੇ ਤਿੰਨ-ਚਾਰ ਸੌ ਸਾਲਾਂ ਦੀ ਗੁਲਾਮਦਾਰੀ ਤੇ ਸਾਮਰਾਜਵਾਦੀ ਲੁੱਟ ਕਾਰਨ ਪੱਛਮ ਦੇ ਹਾਕਮਾਂ ਨੂੰ ਹੀ ਨਹੀਂ, ਉਨ੍ਹਾਂ ਦੇ ਲੋਕਾਂ ਨੂੰ ਵੀ ਇਹ ਭਰਮ ਹੋ ਗਿਆ ਸੀ ਕਿ ਉਹ ਤਾਂ ਜੰਮੇ ਹੀ ਦੁਨੀਆ ਉੱਤੇ ਰਾਜ ਕਰਨ ਲਈ ਹਨ। ਜੀ-20 ਦੇ ਨਵੀਂ ਦਿੱਲੀ ਸਿਖਰ ਸੰਮੇਲਨ ਨੇ ਉਨ੍ਹਾਂ ਦਾ ਇਹ ਭਰਮ ਚਕਨਾਚੂਰ ਕਰ ਦਿੱਤਾ ਹੈ।

ਨਵੀਂ ਦਿੱਲੀ ਸਿਖਰ ਸੰਮੇਲਨ ਤੋਂ ਪਹਿਲਾਂ ਪੱਛਮੀ ਦੇਸ਼ ਇਸ ਗੱਲ ਉੱਤੇ ਅੜੇ ਹੋਏ ਸਨ ਕਿ ਐਲਾਨਨਾਮੇ ਵਿੱਚ ਯੂਕਰੇਨ ਉੱਤੇ ਹਮਲੇ ਲਈ ਰੂਸ ਦੀ ਸਪੱਸ਼ਟ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਵੇ। ਇਸੇ ਕਾਰਨ ਸਿਖਰ ਸੰਮੇਲਨ ਤੋਂ ਪਹਿਲਾਂ ਜੀ-20 ਦੇਸ਼ਾਂ ਦੀਆਂ ਵਿਦੇਸ਼, ਵਿੱਤ ਤੇ ਵਾਤਾਵਰਨ ਸੰਬੰਧੀ ਮੀਟਿੰਗਾਂ ਵਿੱਚ ਕੋਈ ਵੀ ਸਾਂਝਾ ਬਿਆਨ ਜਾਰੀ ਨਹੀਂ ਸੀ ਹੋ ਸਕਿਆ। ਚੀਨ ਤੇ ਰੂਸ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਉਹ ਅਜਿਹੇ ਕਿਸੇ ਵੀ ਐਲਾਨਨਾਮੇ ਉੱਤੇ ਦਸਤਖਤ ਨਹੀਂ ਕਰਨਗੇ, ਜਿਹੜਾ ਰੂਸ ਦੀ ਨਿੰਦਾ ਕਰਦਾ ਹੋਵੇ। ਇਸੇ ਕਾਰਨ ਰੂਸ ਤੇ ਚੀਨ ਦੇ ਰਾਸ਼ਟਰ ਮੁਖੀਆਂ ਵੱਲੋਂ ਆਪ ਆਉਣ ਦੀ ਥਾਂ ਆਪਣੇ ਦੋ ਨੰਬਰ ਦੇ ਆਗੂਆਂ ਨੂੰ ਭੇਜਿਆ ਗਿਆ ਸੀ। ਅਜਿਹੀ ਹਾਲਤ ਵਿੱਚ ਦੋ ਹੀ ਹੱਲ ਸਨ ਜਾਂ ਤਾਂ ਐਲਾਨਨਾਮਾ ਜਾਰੀ ਹੀ ਨਾ ਹੋਵੇ ਤੇ ਜਾਂ ਪੱਛਮੀ ਦੇਸ਼ ਆਪਣੀ ਹਉਮੈ ਤਿਆਗ ਦੇਣ।

ਅਮਰੀਕਾ ਨੂੰ ਸਮਝ ਆ ਗਈ ਸੀ ਕਿ ਜੇਕਰ ਉਸ ਨੇ ਰੂਸ-ਯੂਕਰੇਨ ਜੰਗ ਵਾਲੀ ਅੜੀ ਨਾ ਛੱਡੀ ਤਾਂ ਉਸ ਦੇ ਹਮੈਤੀ ਵੀ ਉਸ ਤੋਂ ਦੂਰ ਹੋ ਜਾਣਗੇ। ਬ੍ਰਿਕਸ ਦੇ ਜੋਹਾਨਸਬਰਗ ਵਿੱਚ ਹੋਏ ਸੰਮੇਲਨ ਦੌਰਾਨ ਨਵੇਂ ਮੈਂਬਰ ਲੈਣ ਤੇ ਸਾਂਝੀ ਕਰੰਸੀ ਦੀ ਸੰਭਾਵਨਾ ਤਲਾਸ਼ਣ ਲਈ ਵਿੱਤ ਮੰਤਰੀਆਂ ਨੂੰ ਦਿੱਤੇ ਆਦੇਸ਼ ਤੇ ਬ੍ਰਿਕਸ ਬੈਂਕ ਬਣਾਉਣ ਦੇ ਫੈਸਲਿਆਂ ਨੇ ਵੀ ਅਮਰੀਕਾ ਨੂੰ ਭੈਅ-ਭੀਤ ਕੀਤਾ ਹੋਇਆ ਸੀ। ਬ੍ਰਿਕਸ ਬੈਂਕ ਕਾਰਨ ਹੀ ਐਲਾਨਨਾਮੇ ਵਿੱਚ ਅਮਰੀਕਾ ਦੇ ਕਹਿਣ ਉੱਤੇ ਵਿਸ਼ਵ ਬੈਂਕ ਦੇ ਕਰਜ਼ੇ ਦਾ ਦਾਇਰਾ ਵਧਾਉਣ ਲਈ ਪਹਿਲਾਂ ਰੱਖੀ ਗਈ 25 ਅਰਬ ਡਾਲਰ ਦੀ ਰਕਮ ਨੂੰ ਵਧਾ ਕੇ 100 ਅਰਬ ਡਾਲਰ ਕਰਨ ਦਾ ਟੀਚਾ ਮਿਥਿਆ ਗਿਆ ਹੈ। ਅਮਰੀਕਾ ਜਾਣਦਾ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸੰਮੇਲਨ ਨੂੰ ਆਪਣੀ ਇੱਜ਼ਤ ਦਾ ਸਵਾਲ ਬਣਾਇਆ ਹੋਇਆ ਹੈ। ਇਨ੍ਹਾਂ ਬਦਲੀਆਂ ਵਿਸ਼ਵੀ ਹਾਲਤਾਂ ਵਿੱਚ ਬਾਇਡੇਨ ਲਈ ਮੋਦੀ ਨੂੰ ਨਰਾਜ਼ ਕਰਨਾ ਔਖਾ ਸੀ। ਇਸ ਲਈ ਅਮਰੀਕਾ ਨੂੰ ਰੂਸ ਦੀ ਨਿੰਦਾ ਨਾ ਕਰਨ ਦਾ ਕੌੜਾ ਘੁੱਟ ਭਰਨਾ ਪਿਆ। ਬਾਕੀ ਯੂਰਪੀਨ ਦੇਸ਼ ਤਾਂ ਉਸ ਦੇ ਬਗਲਬੱਚੇ ਹੀ ਸਨ।

ਦਿੱਲੀ ਸਿਖਰ ਸੰਮੇਲਨ ਤੋਂ ਬਾਅਦ ਆਈਆਂ ਪ੍ਰਤੀਕਿਰਿਆਵਾਂ ਵੀ ਦੱਸਦੀਆਂ ਹਨ ਕਿ ਪੱਛਮੀ ਦੇਸ਼ਾਂ ਦੀ ਸਰਦਾਰੀ ਦੇ ਦਿਨ ਹੁਣ ਪੁੱਗ ਚੁੱਕੇ ਹਨ। ਬੀ ਬੀ ਸੀ ਨੇ ਵੱਖ-ਵੱਖ ਵਿਸ਼ਲੇਸ਼ਕਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਜੀ-20 ਨੇ ਦੱਸ ਦਿੱਤਾ ਹੈ ਕਿ ਵਿਸ਼ਵ ਵਿੱਚ ਸ਼ਕਤੀ ਸੰਤੁਲਨ ਬਦਲ ਰਿਹਾ ਹੈ। ਹੁਣ ਇਹ ਸੰਤੁਲਨ ਪੱਛਮ ਦੇ ਵਿਕਸਤ ਦੇਸ਼ਾਂ ਤੋਂ ਦੂਰ ਹੁੰਦਾ ਹੋਇਆ ਏਸ਼ੀਆਈ ਦੇਸ਼ਾਂ ਵੱਲ ਝੁਕ ਰਿਹਾ ਹੈ।

'ਰਸ਼ੀਆ ਟੂਡੇ' ਨੇ ਲਿਖਿਆ ਹੈ, 'ਐਲਾਨਨਾਮੇ ਵਿੱਚ ਕਿਹਾ ਗਿਆ ਹੈ ਕਿ ਸਾਰੇ ਦੇਸ਼ਾਂ ਨੂੰ ਇਲਾਕਾਈ ਕਬਜ਼ੇ ਲਈ ਤਾਕਤ ਦੀ ਵਰਤੋਂ ਕਰਨ ਜਾਂ ਅਜਿਹਾ ਕਰਨ ਲਈ ਧਮਕੀ ਦੇਣ ਤੋਂ ਬਚਣਾ ਹੋਵੇਗਾ। ਕਿਸੇ ਦੇਸ਼ ਦੀ ਪ੍ਰਦੇਸ਼ਿਕ ਅਖੰਡਤਾ ਤੇ ਖੁਦਮੁਖਤਾਰੀ ਜਾਂ ਰਾਜਨੀਤਕ ਅਜ਼ਾਦੀ ਨੂੰ ਭੰਗ ਕਰਨਾ ਜਾਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਜਾਂ ਵਰਤਣ ਦੀ ਧਮਕੀ ਦੇਣਾ ਨਾਮਨਜ਼ੂਰ ਹੋਵੇਗਾ।' ਅਖਬਾਰ ਨੇ ਅੱਗੇ ਕਿਹਾ ਹੈ ਕਿ ਰੂਸ ਤੇ ਯੂਕਰੇਨ ਦੋਵੇਂ ਇੱਕ-ਦੂਜੇ ਦੇ ਇਲਾਕਿਆਂ ਉੱਤੇ ਦਾਅਵਾ ਕਰਦੇ ਹਨ। ਇਸ ਲਈ ਐਲਾਨਨਾਮੇ ਵਿੱਚ ਦਰਜ ਉਪਰੋਕਤ ਸ਼ਬਦ ਰੂਸ ਦੇ ਅਨੁਕੂਲ ਹਨ।

ਪੱਛਮ ਦੀ ਹਾਰ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ ਨਵੀਂ ਦਿੱਲੀ ਸਿਖਰ ਸੰਮੇਲਨ ਦੇ ਐਲਾਨਨਾਮੇ ਬਾਰੇ ਪੱਛਮੀ ਦੇਸ਼ਾਂ ਵਿੱਚ ਸੰਨਾਟਾ ਛਾਇਆ ਹੋਇਆ ਹੈ, ਜਦੋਂ ਕਿ ਰੂਸ-ਚੀਨ ਖੁਸ਼ੀਆਂ ਮਨਾ ਰਹੇ ਹਨ। ਨਵੀਂ ਦਿੱਲੀ ਆਏ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਕਿਹਾ, 'ਸਾਂਝਾ ਐਲਾਨਨਾਮਾ ਇੱਕ ਮੀਲ ਪੱਥਰ ਹੈ। ਸੱਚ ਆਖਾਂ ਤਾਂ ਸਾਨੂੰ ਇਸ ਦੀ ਉਮੀਦ ਨਹੀਂ ਸੀ। ਇਸ ਤੋਂ ਸਾਫ਼ ਹੋ ਗਿਆ ਹੈ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਹੁਣ ਹਦਾਇਤਾਂ ਨਹੀਂ ਦਿੱਤੀਆਂ ਜਾ ਸਕਦੀਆਂ।' ਚੀਨੀ ਵਿਦੇਸ਼ ਵਿਭਾਗ ਦੀ ਤਰਜਮਾਨ ਮਾਓ ਕਿੰਗ ਨੇ ਕਿਹਾ ਕਿ ਨਵੀਂ ਦਿੱਲੀ ਐਲਾਨਨਾਮੇ ਵਿੱਚ ਮੈਂਬਰ ਦੇਸ਼ਾਂ ਦੀ ਸਮਝ ਝਲਕਦੀ ਹੈ। ਇਸ ਨੇ ਸਾਡੀ ਇਸ ਸਮਝ ਦੀ ਪੁਸ਼ਟੀ ਕੀਤੀ ਹੈ ਕਿ ਜੀ-20 ਆਰਥਕ ਸਹਿਯੋਗ ਦਾ ਮੰਚ ਹੈ, ਨਾ ਕਿ ਸੁਰੱਖਿਆ ਸੰਬੰਧੀ ਮੁੱਦਿਆਂ ਨੂੰ ਹੱਲ ਕਰਨ ਦਾ। ਉਨ੍ਹਾ ਕਿਹਾ ਕਿ ਯੂਕਰੇਨ ਸੰਕਟ ਦਾ ਹੱਲ, ਠੰਢੀ ਜੰਗ ਦੀ ਮਾਨਸਿਕਤਾ ਨੂੰ ਛੱਡਣ, ਸੰਬੰਧਤ ਦੇਸ਼ਾਂ ਦੇ ਸੁਰੱਖਿਆ ਸੰਬੰਧੀ ਫਿਕਰਾਂ ਨੂੰ ਸਮਝਣ ਤੇ ਲੈ-ਦੇ ਦੀ ਭਾਵਨਾ ਨਾਲ ਮਸਲਾ ਨਿਬੇੜਨ ਨਾਲ ਹੀ ਸੰਭਵ ਹੈ।

ਅਸਲ ਵਿੱਚ ਜੇ ਇਹ ਕਿਹਾ ਜਾਵੇ ਕਿ ਨਵੀਂ ਦਿੱਲੀ ਸਿਖਰ ਸੰਮੇਲਨ ਬਹੁਧਰੁਵੀ ਦੁਨੀਆ ਦਾ ਪਹਿਲਾ ਜੀ-20 ਸਿਖ਼ਰ ਸੰਮੇਲਨ ਸੀ ਤਾਂ ਇਹ ਅਤਿਕਥਨੀ ਨਹੀਂ ਹੋਵੇਗੀ। ਪੱਛਮੀ ਅਰਥ-ਸ਼ਾਸਤਰੀ ਫਿਲਿਪ ਪਿਲਕਿੰਗਟਨ ਨੇ ਲਿਖਿਆ ਹੈ, 'ਪੱਛਮੀ ਆਗੂ ਐਲਾਨਨਾਮੇ ਉੱਤੇ ਦਸਤਖਤ ਕਰਨ ਲਈ ਇਸ ਲਈ ਸਹਿਮਤ ਹੋਏ, ਕਿਉਂਕਿ ਉਹ ਭਾਰਤ ਨੂੰ ਆਪਣੇ ਨਾਲੋਂ ਦੂਰ ਨਹੀਂ ਸਨ ਕਰਨਾ ਚਾਹੁੰਦੇ। ਬ੍ਰਿਕਸ ਵਿੱਚ 6 ਨਵੇਂ ਦੇਸ਼ ਸ਼ਾਮਲ ਹੋਣ ਤੋਂ ਬਾਅਦ ਪੱਛਮ ਨੇ ਤੇਜ਼ੀ ਨਾਲ ਬਦਲ ਰਹੀ ਦੁਨੀਆ ਦੀ ਹਕੀਕਤ ਨੂੰ ਮੰਨ ਲਿਆ ਹੈ। ਪੱਛਮ ਦੀ ਨਵੀਂ ਨੀਤੀ ਵਿੱਚ ਭਾਰਤ ਦਾ ਪ੍ਰਮੁੱਖ ਸਥਾਨ ਹੈ, ਕਿਉਂਕਿ ਉਹ ਰੂਸੀ-ਚੀਨੀ ਜੋੜੀ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਨਹੀਂ ਹੈ।'

ਨਵੀਂ ਦਿੱਲੀ ਸਿਖਰ ਸੰਮੇਲਨ ਨੇ ਇਸ ਹਕੀਕਤ ਨੂੰ ਸਾਹਮਣੇ ਲੈ ਆਂਦਾ ਹੈ ਕਿ ਜੀ-20 ਨੇ ਜੇਕਰ ਆਪਣੀ ਸਾਰਥਿਕਤਾ ਬਣਾਈ ਰੱਖਣੀ ਹੈ ਤਾਂ ਉਸ ਨੂੰ ਆਪਣੀ ਭੂਮਿਕਾ ਨੂੰ ਹਾਲਾਤ ਮੁਤਾਬਕ ਬਦਲਣਾ ਪਵੇਗਾ। ਪੱਛਮੀ ਦੇਸ਼ਾਂ ਨੇ ਝੁਕ ਕੇ ਇੱਕ ਵਾਰ ਤਾਂ ਇਸ ਨੂੰ ਬਚਾਅ ਲਿਆ ਹੈ, ਪਰ ਇਹ ਸਿਰਫ਼ ਵਕਤੀ ਹੱਲ ਹੈ। ਸਥਾਈ ਹੱਲ ਉਦੋਂ ਨਿਕਲੇਗਾ, ਜਦੋਂ ਪੱਛਮੀ ਦੇਸ਼ ਇਹ ਮੰਨ ਲੈਣਗੇ ਕਿ ਦੁਨੀਆ ਬਦਲ ਚੁੱਕੀ ਹੈ, ਉਨ੍ਹਾਂ ਦੀ ਹੈਸੀਅਤ ਹੁਣ ਬਾਕੀ ਦੇਸ਼ਾਂ ਉੱਤੇ ਸ਼ਰਤਾਂ ਥੋਪਣ ਦੀ ਨਹੀਂ ਰਹੀ।

-ਚੰਦ ਫਤਿਹਪੁਰੀ

ਪੰਜਾਬ ਖੇਤ ਮਜ਼ਦੂਰ ਸਭਾ ਦਾ ਸ਼ਾਨਾਮੱਤਾ ਇਤਿਹਾਸ

ਪਿਰਥੀਪਾਲ ਸਿੰਘ ਮਾੜੀਮੇਘਾ
ਜਨਰਲ ਸਕੱਤਰ, ਦੇਸ਼ ਭਗਤ ਯਾਦਗਾਰ ਕਮੇਟੀ,ਜਲੰਧਰ

ਮੇਰੇ ਹੱਥ ਮਾਸਟਰ ਹਰੀ ਸਿੰਘ ਧੂਤ ਦੀ ਲਿਖਤ ਪੰਜਾਬ ਖੇਤ ਮਜ਼ਦੂਰ ਸਭਾ ਦਾ ਇਤਿਹਾਸ ਲੱਗੀ ਉਹ ਪੜ੍ਹ ਕੇ ਮੇਰੇ ਗਿਆਨ ਵਿੱਚ ਅਥਾਹ ਵਾਧਾ ਹੋਇਆ। ਉਹ ਇੱਕ ਨਿਪੁੰਨ ਮਾਰਕਸੀ ਚਿੰਤਕ ਸਨ। ਉਨ੍ਹਾ ਦੀ ਵਿਗਿਆਨਕ ਸਮਝ 'ਤੇ ਬੜੀ ਪਕੜ ਸੀ। ਉਹ ਇੱਕ ਉੱਚ ਪਾਏ ਦੇ ਮਾਰਕਸਵਾਦੀ ਅਧਿਆਪਕ ਸਨ। ਮਾਸਟਰ ਹਰੀ ਸਿੰਘ ਪੰਜਾਬ ਖੇਤ ਮਜ਼ਦੂਰ ਸਭਾ ਦੇ ਬਾਨੀਆਂ 'ਚੋਂ ਇੱਕ ਸਨ। ਖੇਤ ਮਜ਼ਦੂਰ ਸਭਾ ਬਣਾਉਣ ਦਾ ਆਰੰਭਕ ਕੰਮ ਜੋ 1948-49 ਵਿੱਚ ਸ਼ੁਰੂ ਕੀਤਾ ਗਿਆ ਸੀ, ਉਸ ਦੀ ਉਨ੍ਹਾ ਰਹਿਨੁਮਾਈ ਕੀਤੀ।

ਪੰਜਾਬ ਖੇਤ ਮਜ਼ਦੂਰ ਸਭਾ 11-12 ਤੇ 13 ਦਸੰਬਰ 1954 ਨੂੰ ਪਿੰਡ ਖਾਨਖਾਨਾ ਜ਼ਿਲ੍ਹਾ ਜਲੰਧਰ ਵਿਖੇ ਪਹਿਲੀ ਕਾਨਫਰੰਸ ਕਰਨ ਉਪਰੰਤ ਹੋਂਦ ਵਿੱਚ ਆਈ। ਉਸ ਵਕਤ ਪੰਜਾਬ ਤੇ ਪੈਪਸੂ ਅਲੱਗ ਅਲੱਗ ਸਨ। ਖਾਨਖਾਨਾ ਕਾਨਫਰੰਸ ਵਿੱਚ 15920 ਮੈਂਬਰਸ਼ਿਪ ਦੇ ਆਧਾਰ 'ਤੇ 169 ਡੈਲੀਗੇਟ ਚੁਣੇ ਗਏ, ਪਰ ਪਹੁੰਚੇ 134 ਸਨ। ਇਸ ਕਾਨਫਰੰਸ ਨੇ ਕਾਮਰੇਡ ਦਰਸ਼ਨ ਸਿੰਘ ਝਬਾਲ ਨੂੰ ਪ੍ਰਧਾਨ ਤੇ ਪੰਡਤ ਬਖਸ਼ੀ ਰਾਮ ਨੂੰ ਜਨਰਲ ਸਕੱਤਰ ਚੁਣਿਆ ਸੀ।

ਉਂਝ ਖਾਨਖਾਨਾ ਕਾਨਫਰੰਸ ਤੋਂ ਪਹਿਲਾਂ ਪੰਜਾਬ ਖੇਤ ਮਜ਼ਦੂਰ ਸਭਾ ਦੀ 8 ਮਾਰਚ 1953 ਨੂੰ ਟਾਊਨ ਹਾਲ ਜਲੰਧਰ ਵਿਖੇ ਸੂਬਾਈ ਕਨਵੈਨਸ਼ਨ ਕਰਕੇ ਨੀਂਹ ਰੱਖੀ ਜਾ ਚੁੱਕੀ ਸੀ। ਇਸ ਕਨਵੈਨਸ਼ਨ ਵਿੱਚ ਸੂਬਾਈ ਪੱਧਰ ਦੀ ਐਡਹਾਕ ਕਮੇਟੀ ਚੁਣੀ ਗਈ ਸੀ। ਜਿਸ ਵਿੱਚ ਪ੍ਰਧਾਨ ਦਰਸ਼ਨ ਸਿੰਘ ਝਬਾਲ ਤੇ ਜਨਰਲ ਸਕੱਤਰ ਪੰਡਤ ਬਖਸ਼ੀ ਰਾਮ ਨੂੰ ਚੁਣਿਆ ਸੀ। ਇਸ ਕਨਵੈਨਸ਼ਨ ਦਾ ਫੈਸਲਾ ਸੀ ਕਿ ਮੈਂਬਰਸ਼ਿਪ ਕਰਾ ਕੇ ਫਿਰ ਬਕਾਇਦਾ ਕਾਨਫਰੰਸ ਕੀਤੀ ਜਾਵੇਗੀ।

ਪਹਿਲੀ ਕਾਨਫਰੰਸ ਤੋਂ ਬਾਅਦ ਸੰਘਰਸ਼ਾਂ ਰਾਹੀਂ ਸਰਕਾਰ 'ਤੇ ਹਰੀਜਨਾਂ ਭਾਵ ਖੇਤ ਮਜਦੂਰਾਂ ਦੀਆਂ ਮੰਗਾਂ ਲਈ ਜ਼ੋਰ ਪਾਇਆ ਗਿਆ ਤੇ ਸਰਕਾਰ ਨੇ ਕੁੱਝ ਮੰਗਾਂ ਮੰਨ ਲਈਆਂ। ਪੰਜਾਬ ਤੇ ਪੈਪਸੂ ਸਰਕਾਰ ਨੇ 'ਦੇਹ ਸ਼ਾਮਲਾਤ' ਕਾਨੂੰਨ ਪਾਸ ਕਰ ਦਿੱਤਾ, ਜਿਸ ਅਨੁਸਾਰ, 'ਪੇਂਡੂ ਬੇਜ਼ਮੀਨੇ ਗਰੀਬਾਂ ਨੂੰ ਉਨ੍ਹਾਂ ਦੇ ਘਰਾਂ ਦੇ ਥੱਲੇ ਦੀ ਜ਼ਮੀਨ ਦਾ ਮਾਲਕ ਬਣਾਇਆ ਗਿਆ। ਇਸ ਤੋਂ ਪਹਿਲਾਂ ਜੇ ਕੋਈ ਗਰੀਬ ਬੇਔਲਾਦ ਮਰ ਜਾਵੇ ਤਾਂ ਉਸ ਦੇ ਘਰ ਵਾਲੀ ਜ਼ਮੀਨ ਭਾਵ ਥਾਂ ਮਾਲਕਾਂ ਦੇ ਹੱਥਾਂ ਵਿੱਚ ਚਲੀ ਜਾਂਦੀ ਸੀ। ਇਥੋਂ ਤੱਕ ਕਿ ਗਰੀਬ ਆਪਣੀ ਰੂੜੀ ਦਾ ਵੀ ਮਾਲਕ ਨਹੀਂ ਸੀ ਤੇ ਇਸ ਪ੍ਰਸਥਿਤੀ ਵਿੱਚ ਰੂੜੀ ਵੀ ਮਾਲਕਾਂ ਨੂੰ ਦੇਣੀ ਪੈਂਦੀ ਸੀ। ਇਸ ਕਾਨੂੰਨ ਰਾਹੀਂ ਸ਼ਾਮਲਾਤ ਜ਼ਮੀਨ ਸਮੁੱਚੇ ਪਿੰਡ ਦੀ ਮਲਕੀਅਤ ਬਣ ਗਈ।

ਖੇਤ ਮਜ਼ਦੂਰ ਸਭਾ ਦੀ ਮੁੱਢਲੀ ਕਾਨਫਰੰਸ ਖਾਨਖਾਨਾ ਵਿੱਚ ਜਥੇਬੰਦੀ ਦਾ ਨਾਂਅ ਰੱਖਣ ਲਈ ਦੋ ਨਾਂਅ ਆਏ। ਇੱਕ ਸੀ 'ਪੰਜਾਬ ਖੇਤ ਮਜ਼ਦੂਰ ਸਭਾ' ਤੇ ਦੂਜਾ 'ਦਿਹਾਤੀ ਮਜ਼ਦੂਰ ਸਭਾ'। ਪਰ ਕਾਨਫਰੰਸ ਨੇ ਪੰਜਾਬ ਖੇਤ ਮਜ਼ਦੂਰ ਸਭਾ ਪਾਸ ਕਰ ਦਿੱਤਾ। ਕਾਨਫਰੰਸ ਨੇ ਫੈਸਲਾ ਕੀਤਾ ਕਿ ਖੇਤ ਮਜ਼ਦੂਰ ਸਭਾ ਟਰੇਡ ਯੂਨੀਅਨ ਲੀਹਾਂ 'ਤੇ ਜਥੇਬੰਦ ਕੀਤੀ ਜਾਵੇਗੀ।

ਖੇਤ ਮਜ਼ਦੂਰ ਸਭਾ ਦੀ 15-16 ਸਤੰਬਰ 1956 ਨੂੰ ਝਬਾਲ (ਤਰਨ ਤਾਰਨ) ਵਿਖੇ ਕਾਨਫਰੰਸ ਹੋਈ। ਇਸ ਵਿੱਚ ਜਨਰਲ ਸਕੱਤਰ ਨੇ ਆਪਣੀ ਰਿਪੋਰਟ ਵਿੱਚ ਕਿਹਾ, "ਦਿਹਾਤੀ ਮਜਦੂਰਾਂ ਵਿੱਚ ਖੇਤ ਮਜ਼ਦੂਰਾਂ ਤੋਂ ਛੁੱਟ ਭੱਠਾ ਮਜ਼ਦੂਰ, ਸੜਕਾਂ ਤੇ ਨਹਿਰਾਂ ਤੇ ਕੰਮ ਕਰਨ ਵਾਲੇ ਮਜਦੂਰ, ਪਿੰਡਾਂ ਦੇ ਕੰਮੀ ਅਤੇ ਹਰ ਪ੍ਰਕਾਰ ਦੇ ਦਸਤਕਾਰ ਹੋਣਗੇ। ਇਸ ਲਈ ਸਭਾ ਦਾ ਨਾਂਅ ਦਿਹਾਤੀ ਮਜ਼ਦੂਰ ਸਭਾ ਰੱਖਿਆ ਜਾਂਦਾ ਹੈ।' ਬਹੁਸੰਮਤੀ ਨਾਲ ਇਹ ਨਾਂਅ ਪਾਸ ਹੋ ਗਿਆ।"

ਜਥੇਬੰਦੀ ਦਾ ਦੂਜਾ ਸਮਾਗਮ 2-3 ਜੁਲਾਈ 1955 ਨੂੰ ਪਿੰਡ ਬੇਗੋਵਾਲ, ਜ਼ਿਲ੍ਹਾ ਪਟਿਆਲਾ (ਹੁਣ ਲੁਧਿਆਣਾ) ਵਿੱਚ ਹੋਇਆ, ਜਿਸ ਵਿੱਚ ਜਥੇਬੰਦੀ ਦੀਆਂ ਪਹਿਲੀਆਂ ਜਿੱਤਾਂ ਤੇ ਅਧੂਰੇ ਕਾਰਜ ਨੂੰ ਡੈਲੀਗੇਟਾਂ ਨੇ ਬੜੀ ਸੰਜੀਦਗੀ ਨਾਲ ਚਿਤਵਿਆ। ਪਹਿਲੇ ਸਮਾਗਮ ਤੋਂ ਬਾਅਦ ਜਥੇਬੰਦੀ ਵੱਲੋਂ ਜੋ ਮੱਲਾਂ ਮਾਰੀਆਂ ਗਈਆਂ ਸਨ, ਉਨ੍ਹਾਂ ਦਾ ਵੇਰਵਾ ਹੇਠ ਲਿਖਿਆ ਹੈ:

(1) ਮੁਰੱਬਾਬੰਦੀ ਕਾਨੂੰਨ ਵਿੱਚ ਤਰਮੀਮ ਕਰਕੇ ਮੁਰੱਬਾਬੰਦੀ ਸਲਾਹਕਾਰ ਕਮੇਟੀਆਂ ਵਿੱਚ ਹਰੀਜਨਾਂ ਨੂੰ ਪ੍ਰਤੀਨਿਧਤਾ ਦਿੱਤੀ ਗਈ।

(2) 27 ਜਨਵਰੀ 1955 ਨੂੰ ਰਾਜ ਸਰਕਾਰ ਨੇ ਇੱਕ ਵਾਰ ਫਿਰ ਹਦਾਇਤਾਂ ਜਾਰੀ ਕੀਤੀਆਂ ਕਿ ਮੁਰੱਬੇਬੰਦੀ ਸਮੇਂ ਹਰੀਜਨਾਂ ਦੇ ਘਰਾਂ ਲਈ ਜ਼ਮੀਨ ਰਾਖਵੀਂ ਰੱਖੀ ਜਾਵੇ ਅਤੇ ਉਨ੍ਹਾਂ ਦੇ ਪ੍ਰਤੀਨਿਧ ਸਲਾਹਕਾਰ ਕਮੇਟੀਆਂ ਵਿੱਚ ਲਏ ਜਾਣ।

(3) ਸਰਕਾਰ ਨੇ ਵਿਧਾਨ ਸਭਾ ਵਿੱਚ ਐਲਾਨ ਕੀਤਾ ਕਿ ਪੱਛੜੀਆਂ ਸ਼੍ਰੇਣੀਆਂ ਦੇ ਬੱਚਿਆਂ ਨੂੰ ਪਹਿਲੀ ਜਮਾਤ ਤੋਂ ਵਜ਼ੀਫੇ ਦੇਣੇ ਚਾਲੂ ਹੋ ਚੁੱਕੇ ਹਨ।

(4) ਪੰਜਾਬ ਸਰਕਾਰ ਨੇ ਹਰੀਜਨਾਂ ਦੇ ਘਰਾਂ ਦੀ ਉਸਾਰੀ ਲਈ 10 ਲੱਖ ਰੁਪਏ ਰਾਖਵੇਂ ਰੱਖੇ।

ਖੇਤ ਮਜ਼ਦੂਰ ਸਭਾ ਵੱਲੋਂ ਕਾਨਫਰੰਸ ਦੇ ਫੈਸਲੇ ਅਨੁਸਾਰ 16 ਮਾਰਚ 1955 ਨੂੰ 'ਭੂਮੀ ਦਿਨ' ਮਨਾਇਆ ਗਿਆ, ਜਿਸ ਵਿੱਚ ਵੱਖ-ਵੱਖ ਥਾਵਾਂ ਤੋਂ 60000 ਦੇ ਕਰੀਬ ਮਜ਼ਦੂਰਾਂ ਨੇ ਹਿੱਸਾ ਲਿਆ। ਤਰਨ ਤਾਰਨ ਵਿਖੇ 8000 ਹਜ਼ਾਰ ਖੇਤ ਮਜ਼ਦੂਰਾਂ ਨੇ ਬੈਂਡ ਵਾਜਿਆਂ ਤੇ ਢੋਲ ਵਜਾਉਂਦਿਆਂ ਹੋਇਆਂ ਮੁਜਾਹਰਾ ਕੀਤਾ। ਭੂਮੀ ਦਿਵਸ 'ਤੇ ਜੱਗ-ਜਾਹਰ ਕੀਤਾ ਗਿਆ ਕਿ ਹਰੀਜਨਾਂ ਨੂੰ ਇਹ ਜ਼ਮੀਨ ਕਿਥੋਂ ਮਿਲ ਸਕਦੀ, ਉਸ ਦੀ ਸਾਰਨੀ ਪੇਸ਼ ਕੀਤੀ ਗਈ। ਜ਼ਮੀਨ

15-SEP-PAGE-7.qxd 9/14/2023 9:11 PM Page 1

ਪੁਰਾਣੀ ਪੈਨਸ਼ਨ ਦੀ ਬਹਾਲੀ ਤੇ ਬਦਲੀਆਂ ਖਿਲਾਫ ਅਰਥੀ ਫੂਕ ਮੁਜ਼ਾਹਰਾ

■ ਸੂਬਾ ਪ੍ਰਧਾਨ ਦੀ ਬਦਲੀ ਤੁਰੰਤ ਰੱਦ ਕਰਨ ਦੀ ਮੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਪੰਜਾਬ ਸਰਕਾਰ ਵੱਲੋਂ ਜਨਵਰੀ 2004 ਤੋਂ ਬਾਅਦ ਭਰਤੀ ਹੋਏ ਸਰਕਾਰੀ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਕਰਵਾਉਣ ਤੇ ਵਿਕਟੇਮਾਈਜ਼ੇਸ਼ਨ ਬਦਲੀਆਂ ਖਿਲਾਫ ਜ਼ਿਲ੍ਹਾ ਫਿਰੋਜ਼ਪੁਰ ਦੇ ਵੱਖ ਵੱਖ ਵਿਭਾਗਾਂ ਨਾਲ ਸਬੰਧਤ ਸੀ ਪੀ ਐੱਫ ਕਰਮਚਾਰੀਆਂ ਨੇ ਜਗਸੀਰ ਸਿੰਘ ਭਾਂਗਰ ਜ਼ਿਲ੍ਹਾ ਪ੍ਰਧਾਨ ਤੇ ਸੋਨੂੰ ਕਸ਼ਅਪ ਜ਼ਿਲ੍ਹਾ ਜਨਰਲ ਸਕੱਤਰ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਦਾ ਅਰਥੀ ਫੂਕ ਮੁਜ਼ਾਹਰਾ ਕਰਕੇ ਆਪਣੇ ਰੋਸ ਦਾ ਇਜ਼ਹਾਰ ਕੀਤਾ।ਇਸ ਅਰਥੀ ਫੂਕ ਮੁਜ਼ਾਹਰੇ ਵਿੱਚ ਓਮ ਪ੍ਰਕਾਸ਼ ਰਾਣਾ ਸੂਬਾਈ ਮੀਤ ਪ੍ਰਧਾਨ ਸੀ ਪੀ ਐੱਫ ਕਰਮਚਾਰੀ ਯੂਨੀਅਨ, ਗੁਰਪ੍ਰੀਤ ਸਿੰਘ ਔਲਖ ਪ੍ਰਧਾਨ ਜਲ ਸਰੋਤ ਵਿਭਾਗ, ਵੀਰਪਾਲ ਕੌਰ ਸੀਨੀਅਰ ਮੀਤ ਪ੍ਰਧਾਨ ਸੀ ਪੀ ਐੱਫ ਕਰਮਚਾਰੀ ਯੂਨੀਅਨ, ਅਮਨਦੀਪ ਸਿੰਘ ਤੇ ਹਰਪ੍ਰੀਤ ਦੁੱਗਲ ਜ਼ਿਲ੍ਹਾ ਖਜ਼ਾਨਾ ਦਫਤਰ, ਵਿਸ਼ਾਲ ਮਹਿਤਾ ਜਨਰਲ ਸਕੱਤਰ ਡੀ ਸੀ ਦਫਤਰ, ਸ਼ਿਵਾਲ ਖੰਨਾ, ਰਾਹੁਲ ਕੁਮਾਰ, ਨਵਜੋਤ ਸਿੰਘ, ਸ਼ੀਤਲ ਅਸੀਜਾ, ਵਿਜੇ ਕੁਮਾਰ, ਰਾਕੇਸ਼ ਕੁਮਾਰ ਲੋਕ ਨਿਰਮਾਣ ਵਿਭਾਗ, ਸਮੀਰ ਮਾਨਕਟਾਲਾ ਆਯੁਰਵੈਦਿਕ ਵਿਭਾਗ, ਸਰਬਜੀਤ ਸਿੰਘ ਭੂਮੀ ਰੱਖਿਆ ਵਿਭਾਗ, ਸੁਖਚੈਨ ਸਿੰਘ ਖੇਤੀਬਾੜੀ ਵਿਭਾਗ, ਜਰਨੈਲ ਸਿੰਘ ਸਿਆਲ, ਅਮਰਬੀਰ ਸਿੰਘ ਜਲ ਸਰੋਤ ਵਿਭਾਗ, ਗੁਰਵਿੰਦਰ ਸਿੰਘ ਤਹਿਸੀਲ ਪ੍ਰਧਾਨ, ਚੇਤਨ ਰਾਣਾ, ਸੰਦੀਪ ਦਿਓਲ ਤੇ ਰੂਪ ਸਿੰਘ ਡੀ ਸੀ ਦਫਤਰ, ਸਿਮਰਨਜੀਤ ਸਿਘ ਪਟਵਾਰੀ, ਰੇਸ਼ਮ ਸਿੰਘ ਸ਼ੇਰ ਖਾਂ ਬੀ ਐੱਡ ਫਰੰਟ, ਸੁਰਿੰਦਰ ਕੁਮਾਰ ਲੋਕ ਸੰਪਰਕ ਵਿਭਾਗ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਮੁਲਾਜ਼ਮ ਹਾਜ਼ਰ ਸਨ।ਇਸ ਮੌਕੇ ਮੁਲਾਜ਼ਮ ਆਗੂਆਂ ਨੇ ਸੁਖਜੀਤ ਸਿੰਘ ਸੂਬਾ ਪ੍ਰਧਾਨ ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਦੀ ਫਿਲੌਰ ਤੋਂ ਧਾਰ ਕਲਾਂ ਵਿਖੇ ਕੀਤੀ ਗਈ ਬਦਲੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਇਹ ਬਦਲੀ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਗਈ।ਇਸ ਮੌਕੇ ਮੁਜ਼ਾਹਰਾਕਾਰੀ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੁਰਾਣੀ ਪੈਨਸ਼ਨ ਸਕੀਮ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕਰਕੇ ਲਾਗੂ ਕੀਤੀ ਜਾਵੇ, ਸੀ ਪੀ ਐੱਫ ਕਰਮਚਾਰੀਆਂ ਨੇ ਐਲਾਨ ਕੀਤਾ ਕਿ ਪਹਿਲੀ ਅਕਤੂਬਰ ਨੂੰ ਦਿੱਲੀ ਵਿਖੇ ਪੁਰਾਣੀ ਪੈਨਸ਼ਨ ਦੀ ਬਹਾਲੀ ਸਬੰਧੀ ਹੋਣ ਜਾ ਰਹੀ ਦੇਸ਼ ਪੱਧਰੀ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣਗੇ ਤੇ ਪੰਜਾਬ ਸਰਕਾਰ ਵੱਲੋਂ ਬੋਲੇ ਜਾ ਰਹੇ ਝੂਠ ਦਾ ਪਰਦਾਫਾਸ਼ ਕਰਨਗੇ। ਇਸ ਅਰਥੀ ਫੂਕ ਮੁਜ਼ਾਹਰੇ ਦੌਰਾਨ ਮੁਲਾਜ਼ਮਾਂ ਦੇ ਇਕੱਠ ਵੱਲੋਂ ਮੁੱਖ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ ਤੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ ਗਈ।

'ਆਪ' ਸਰਕਾਰ ਚੋਣ ਵਾਅਦਿਆਂ ਤੋਂ ਮੁੱਕਰੀ : ਪੰਜਾਬ ਰਾਜ ਪੈਨਸ਼ਨਰਜ਼ ਮਹਾਂਸੰਘ

■ ਮੁੱਖ ਮੰਤਰੀ ਐਸਮਾ ਦਾ ਨਾਦਰਸ਼ਾਹੀ ਫੁਰਮਾਨ ਵਾਪਸ ਲੈਣ

ਪਟਿਆਲਾ (ਵਿਜੇ ਕੁਮਾਰ ਸ਼ਰਮਾ)

ਪੰਜਾਬ ਸਰਕਾਰ ਵੱਲੋਂ ਕਰਮਚਾਰੀ ਯੂਨੀਅਨਾਂ ਦੀ ਹੜਤਾਲ ਨੂੰ ਕੁਚਲਣ ਲਈ ਲਗਾਏ ਐਸਮਾਂ ਦੀ ਪੰਜਾਬ ਰਾਜ ਪੈਨਸ਼ਨਰਜ਼ ਮਹਾਂਸੰਘ ਵੱਲੋਂ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਗਈ। ਇਥੇ ਨਵਾਂ ਜ਼ਮਾਨਾ ਦੇ ਪੱਤਰਕਾਰ ਨਾਲ ਗੱਲਬਾਤ ਕਰਕੇ ਪ੍ਰੈੱਸ ਨੋਟ ਜਾਰੀ ਕਰਦਿਆਂ ਮਹਾਂਸੰਘ ਦੇ ਸੂਬਾਈ ਚੇਅਰਮੈਨ ਜਰਨੈਲ ਸਿੰਘ ਸਿੱਧੂ ਤੇ ਸੂਬਾਈ ਪ੍ਰਧਾਨ ਡਾ. ਐੱਨ. ਕੇ. ਕਲਸੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਫਰਵਰੀ 2022 ਵਿੱਚ ਕੀਤੇ ਆਪਣੇ ਚੋਣ ਵਾਅਦਿਆਂ ਤੋਂ ਸਰੇਆਮ ਮੁੱਕਰ ਗਈ ਹੈ। ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੇ ਮਿਤੀ 01-01-2016 ਤੋਂ 30-06-2021 ਤੱਕ 66 ਮਹੀਨਿਆਂ ਦੇ ਤਨਖਾਹ ਤੇ ਪੈਨਸ਼ਨ ਰਿਵੀਜ਼ਨ ਦੇ ਬਕਾਏ ਦੇਣ, 202 ਮਹੀਨਿਆਂ ਦਾ ਪੈਂਡਿੰਗ ਮਹਿੰਗਾਈ ਭੱਤਾ ਦੇਣ, ਪੈਨਸ਼ਨਰਾਂ ਦੀ 2.59 ਦੇ ਫੈਕਟਰ ਨਾਲ ਪੈਨਸ਼ਨ ਸੋਧਣ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ, ਲੱਖਾਂ ਦੀ ਗਿਣਤੀ 'ਚ ਮੁਲਾਜ਼ਮਾਂ ਦੀਆਂ ਖਾਲੀ ਪਈਆਂ ਪੋਸਟਾਂ ਭਰਨ ਤੇ ਪੁਰਾਣੀ ਪੈਨਸ਼ਨ ਲਾਗੂ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਹੈ। ਮੁਲਾਜ਼ਮਾਂ ਨੂੰ ਸਰਕਾਰ ਦੀ ਗੀਦੜ ਦੀ ਹੱਡੀ ਕਹਿਣ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਆਪਣੇ ਚੋਣ ਵਾਅਦਿਆਂ ਤੋਂ ਸਰੇਆਮ ਮੁੱਕਰ ਕੇ ਅੱਜ ਆਪਣੀਆਂ ਨਾਕਾਮੀਆਂ ਨੂੰ ਛੁਪਾਉਣ ਲਈ ਤੇ ਲੋਕਾਂ ਦਾ ਧਿਆਨ ਭਟਕਾਉਣ ਲਈ ਹੀ ਐਸਮਾਂ ਵਰਗੇ ਕਾਲੇ ਕਾਨੂੰਨ ਦੀ ਆੜ ਹੇਠ ਸੰਘਰਸ਼ਸ਼ੀਲ ਮੁਲਾਜ਼ਮਾਂ ਦੇ ਘੋਲਾਂ ਨੂੰ ਹੀ ਤਾਨਾਸ਼ਾਹੀ ਵਤੀਰੇ ਨਾਲ ਦਬਾਉਣ ਲਈ ਹੌਛੇ ਹੱਥਕੰਡੇ ਵਰਤ ਰਹੀ ਹੈ। ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ 17 ਸਤੰਬਰ ਨੂੰ ਸੰਗਰੂਰ ਵਿਖੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, 24 ਸਤੰਬਰ ਨੂੰ ਮਲੋਟ ਵਿਖੇ ਕੈਬਨਿਟ ਮੰਤਰੀ ਬਲਜੀਤ ਕੌਰ ਤੇ ਜਲੰਧਰ ਵਿਖੇ ਕੈਬਨਿਟ ਮੰਤਰੀ ਬਲਕਾਰ ਸਿੰਘ ਦੇ ਘਰਾਂ ਅੱਗੇ ਧਰਨੇ ਦੇਣ ਅਤੇ 14 ਅਕਤੂਬਰ ਨੂੰ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਮਹਾਰੈਲੀ ਕਰਨ ਸਬੰਧੀ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਪੰਜਾਬ ਰਾਜ ਪੈਨਸ਼ਨਰਜ਼ ਮਹਾਸੰਘ ਵੱਲੋਂ ਵੱਧ-ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਜਰਨੈਲ ਸਿੰਘ ਸਿੱਧੂ ਚੇਅਰਮੈਨ, ਡਾ. ਐੱਨ ਕੇ ਕਲਸੀ, ਪ੍ਰਧਾਨ ਤੇ ਰਣਬੀਰ ਢਿੱਲੋਂ, ਜਨਰਲ ਸਕੱਤਰ ਨੇ ਦੁਬਾਰਾ ਮੰਗ ਕੀਤੀ ਹੈ ਕਿ ਰਿਟਾਇਰ ਕਰਮਚਾਰੀਆਂ ਨੂੰ ਬੁਢਾਪੇ ਦੀ ਉਮਰ ਵਿੱਚ ਸੰਘਰਸ਼ ਲਈ ਮਜਬੂਰ ਨਾ ਹੋਣਾ ਪਵੇ।

ਲੋੜੀਂਦੀ ਬਿਜਲੀ ਨਾ ਮਿਲਣ ਕਾਰਨ ਝੋਨੇ ਦੀ ਫਸਲ ਖਰਾਬ ਹੋਣ ਕਿਨਾਰੇ : ਕਾਲੇਕੇ, ਗੋਇਲ

ਕਿਸਾਨਾਂ ਨੂੰ ਆ ਰਹੀ ਯੂਰੀਆ ਦੀ ਕਿੱਲਤ ਨੂੰ ਵੀ ਸਰਕਾਰ ਕਰੇ ਦੂਰ

ਬਾਘਾ ਪੁਰਾਣਾ (ਮਨੀ ਸਿੰਗਲਾ)-ਹੁਣ ਜਦੋਂ ਝੋਨੇ ਦੀ ਫਸਲ ਪੱਕਣ ਕਿਨਾਰੇ ਹੈ ਤਾਂ ਪੰਜਾਬ ਵਿੱਚ ਸੋਕੇ ਵਰਗੇ ਹਾਲਾਤਾਂ ਨਾਲ ਕਿਸਾਨ ਜੂਝ ਰਿਹਾ ਹੈ, ਪਰ ਬਿਜਲੀ ਦੀ ਸਪਲਾਈ ਦੀ ਹਾਲਤ ਤਰਸਯੋਗ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤਰਲੋਚਨ ਸਿੰਘ ਕਾਲੇਕੇ, ਪਵਨ ਗੋਇਲ, ਗੁਰਦਰਸ਼ਨ ਸਿੰਘ ਕਾਲੇਕੇ ਤੇ ਗੁਰਵੀਰ ਸਿੰਘ ਚੰਨੂੰਵਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਹੁਣ ਜਦੋਂ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੀ ਲੋੜ ਹੈ ਤਾਂ ਤਿੰਨ ਤੋਂ ਚਾਰ ਘੰਟੇ ਵੀ ਵਾਰੀ ਵਾਰੀ ਕੱਟਾਂ ਨਾਲ ਮਿਲ ਰਹੀ ਹੈ, ਜਿਸ ਨਾਲ ਝੋਨੇ ਦੇ ਵੱਡੇ ਨੁਕਸਾਨ ਦਾ ਫਿਕਰ ਕਿਸਾਨਾਂ ਨੂੰ ਸਤਾ ਰਿਹਾ ਹੈ। ਇਸ ਲਈ ਝੋਨੇ ਨੂੰ ਪਾਣੀ ਲਾਉਣ ਲਈ ਅੱਠ ਘੰਟੇ ਨਿਰਵਿਘਨ ਸਪਲਾਈ ਦਿੱਤੀ ਜਾਵੇ ਤੇ ਪਾਣੀ ਤੋਂ ਬਿਨਾਂ ਝੋਨੇ ਦੇ ਹੋਣ ਵਾਲੇ ਨੁਕਸਾਨ ਤੋਂ ਕਿਸਾਨ ਨੂੰ ਬਚਾਇਆ ਜਾਵੇ। ਉਨ੍ਹਾ ਕਿਹਾ ਕਿ ਜੇਕਰ ਸਹੀ ਤਰੀਕੇ ਨਾਲ ਝੋਨੇ ਦੀ ਫ਼ਸਲ ਨੂੰ ਪਾਣੀ ਨਾ ਮਿਲਿਆਂ ਤਾਂ ਫਸਲ ਖਰਾਬ ਹੋ ਜਾਵੇਗੀ, ਪਹਿਲਾਂ ਹੀ ਕਿਸਾਨ ਆਰਥਿਕ ਮੰਦੀ ਵਿੱਚ ਗੁਜ਼ਰ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਕਿਸਾਨਾਂ ਨੂੰ ਫਸਲ ਲਈ ਨਿਰਵਿਘਨ 8 ਸਪਲਾਈ ਦਿੱਤੀ ਜਾਵੇ। ਇਸ ਮੌਕੇ ਉਕਤ ਆਗੂਆਂ ਨੇ ਕਿਹਾ ਕਿ ਕਿਸਾਨਾਂ ਨੂੰ ਪਾਣੀ ਦੀ ਕਿੱਲਤ ਦੇ ਨਾਲ ਨਾਲ ਯੂਰੀਆ ਦੀ ਕਿੱਲਤ ਵੀ ਆ ਰਹੀ ਹੈ, ਜਿਸ ਕਰਕੇ ਕਿਸਾਨ ਪ੍ਰੇਸ਼ਾਨ ਹਨ ਤੇ ਮਜਬੂਰੀ ਵੱਸ ਮਹਿੰਗੀ ਯੂਰੀਆ ਖ਼ਰੀਦਣ ਲਈ ਮਜਬੂਰ ਹਨ, ਸੋ ਹੁਣ ਸਰਕਾਰ ਨੂੰ ਚਾਹੀਦਾ ਕੇ ਡੀ.ਏ.ਪੀ. ਦਾ ਹੁਣੇ ਤੋਂ ਪ੍ਰਬੰਧ ਕਰ ਲਵੇ ਤਾਂ ਜੋ ਕਿਸਾਨਾਂ ਨੂੰ ਆਲੂ ਦੀ ਫਸਲ ਤੇ ਕਣਕ ਦੀ ਬਿਜਾਈ ਵੇਲੇ ਕੋਈ ਮੁਸ਼ਕਲ ਨਾ ਆਵੇ। ਸੁਸਾਇਟੀਆਂ 'ਚ ਵੱਧ ਤੋਂ ਵੱਧ ਖਾਦ ਭੇਜੀ ਜਾਵੇ ਤਾਂ ਜੋ ਕਿਸਾਨ ਸਮੇਂ ਸਿਰ ਬਿਜਾਈ ਕਰ ਸਕਣ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤਰਲੋਚਨ ਸਿੰਘ ਕਾਲੇਕੇ, ਪ੍ਰਧਾਨ ਪਵਨ ਗੋਇਲ, ਗੁਰਵੀਰ ਸਿੰਘ ਚੰਨੂੰਵਾਲਾ ਨੇ ਕਿਹਾ ਕਿ ਜੋ ਸਬਜ਼ਬਾਗ ਦਿਖਾ ਕੇ ਆਪ ਸੱਤਾ ਵਿੱਚ ਆਈ ਹੈ, ਉਸ ਨੂੰ ਪੂਰਾ ਕਰਨ ਵਿੱਚ ਅਸਫਲ ਹੋਈ, ਜਿਸ ਕਰਕੇ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਿਤ ਹੋਏ ਅਤੇ ਹੁਣ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲ ਦਲ ਦੇ ਰਾਜ ਨੂੰ ਯਾਦ ਕਰਨ ਲੱਗ ਪਏ ਹਨ। ਗੋਇਲ ਨੇ ਕਿਹਾ ਕਿ ਹੁਣ ਪੰਜਾਬ ਦੇ ਲੋਕ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਲਿਆਉਣਗੇ ਤੇ 2024 ਦੀਆਂ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਵਿਧਾਨ ਸਭਾ ਵਾਲਾ ਇਤਿਹਾਸ ਨਹੀਂ ਦੁਹਰਾਉਣਗੇ ਤੇ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਸ਼ਾਨਦਾਰ ਪ੍ਰਦਰਸ਼ਨ ਕਰੇਗਾ।

ਕਾਤਰਾਂ

ਸਹੁਰੇ ਘਰ ਲੜਕੀ ਦੀ ਹੋਈ ਮੌਤ, ਮਾਂ ਨੇ ਜਵਾਈ 'ਤੇ ਲਾਏ ਨਜਾਇਜ਼ ਸੰਬੰਧਾਂ ਦੇ ਦੋਸ਼

ਮੂਨਕ (ਰਾਜਪਾਲ ਸਿੰਗਲਾ)-ਪਿੰਡ ਰਾਮਪੁਰਾ ਜਵਾਹਰ ਵਾਲਾ ਵਿਖੇ ਹੋਈ ਇੱਕ ਵਿਆਹੁਤਾ ਔਰਤ ਰੀਨਾ ਕੌਰ ਦੀ ਮੌਤ ਨੂੰ ਲੈ ਕੇ ਪੇਕਿਆਂ ਨੇ ਸਹੁਰੇ ਪਰਵਾਰ 'ਤੇ ਗੰਭੀਰ ਦੋਸ਼ ਲਾਏ ਹਨ। ਮ੍ਰਿਤਕ ਔਰਤ ਦੀ ਮਾਂ ਜਸਵੀਰ ਕੌਰ ਨੇ ਕਿਹਾ ਕਿ ਉਸ ਦੀ ਲੜਕੀ ਕਰੀਬ 8 ਸਾਲ ਪਹਿਲਾਂ ਪਿੰਡ ਜਵਾਹਰ ਵਾਲਾ ਵਿਖੇ ਗੁਰਪ੍ਰੀਤ ਸਿੰਘ ਨਾਲ ਵਿਆਹੀ ਸੀ, ਲੜਕੀ ਦੇ ਪਤੀ ਦੇ ਪਿਛਲੇ ਤਿੰਨ ਸਾਲ ਤੋਂ ਕਿਸੇ ਔਰਤ ਨਾਲ ਨਜਾਇਜ਼ ਸਬੰਧ ਚੱਲ ਰਹੇ ਸਨ। ਇਨ੍ਹਾਂ ਸੰਬੰਧਾਂ ਨੂੰ ਲੈ ਕੇ ਲੜਕੀ ਬਹੁਤ ਦੁਖੀ ਰਹਿੰਦੀ ਸੀ, ਜਿਸ ਕਾਰਨ ਸਹੁਰੇ ਘਰੋਂ ਅਚਾਨਕ ਮੌਤ ਦੀ ਖਬਰ ਦਾ ਫੋਨ ਆਇਆ ਕਿ ਲੜਕੀ ਦੀ ਕਰੰਟ ਲੱਗਣ ਨਾਲ ਮੌਤ ਹੋ ਗਈ ਹੈ। ਜਦੋਂ ਜਾ ਕੇ ਦੇਖਿਆ ਗਿਆ ਤਾਂ ਹਾਲਾਤ ਨੂੰ ਦੇਖ ਕੇ ਲੱਗਦਾ ਸੀ ਕਿ ਸਹੁਰੇ ਪਰਵਾਰ ਦੀ ਸਾਰੀ ਡਰਾਮੇਬਾਜ਼ੀ ਹੈ ਤੇ ਸਹੁਰੇ ਪਰਵਾਰ ਨੇ ਲੜਕੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਲੜਕੀ ਦੀ ਲਾਸ਼ ਪੋਸਟਮਾਰਟਮ ਲਈ ਮੂਨਕ ਹਸਪਤਾਲ ਦੀ ਮੋਰਚਰੀ ਵਿੱਚ ਪਈ ਹੈ, ਪਰ ਪਰਵਾਰ ਦੇ ਵਾਰ-ਵਾਰ ਮਿੰਨਤਾਂ ਕਰਨ ਦੇ ਬਾਵਜੂਦ ਲਾਸ਼ ਦਾ ਪੋਸਟਮਾਰਟਮ ਨਹੀਂ ਹੋ ਰਿਹਾ ਹੈ। ਜਦੋਂ ਡਾਕਟਰ ਗਗਨ ਨੇ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਕੋਈ ਸੂਚਨਾ ਨਾ ਹੋਣ ਕਾਰਨ ਪੋਸਟਮਾਰਟਮ ਵਿੱਚ ਦੇਰੀ ਹੋ ਰਹੀ ਹੈ। ਮ੍ਰਿਤਕ ਦੀ ਮਾਂ ਜਸਵੀਰ ਕੌਰ ਨੇ ਮੰਗ ਕੀਤੀ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਕਰਜ਼ੇ ਤੋਂ ਤੰਗ ਕਿਸਾਨ ਨੇ ਕੀਤੀ ਖੁਦਕੁਸ਼ੀ

ਮਾਨਸਾ (ਪਮਾਰ)-ਮਾਨਸਾ ਬਲਾਕ ਦੇ ਪਿੰਡ ਬੁਰਜ ਹਰੀ ਵਿੱਚ ਉਸ ਵਕਤ ਸੋਗ ਦੀ ਲਹਿਰ ਫੈਲ ਗਈ, ਜਦ ਪਿੰਡ ਦੇ ਇੱਕ ਕਿਸਾਨ ਵੱਲੋਂ ਲਗਾਤਾਰ ਮਿਹਨਤ ਮੁਸ਼ੱਕਤ ਕਰਨ ਦੇ ਬਾਵਜੂਦ ਕਰਜ਼ਾ ਨਾ ਉੱਤਰਣ ਕਾਰਨ ਖੁਦਕੁਸ਼ੀ ਕਰ ਲਈ ਗਈ। ਇਸ ਵਕਤ ਪਹੁੰਚੇ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਧਨੇਰ ਦੇ ਸੂਬਾ ਕਮੇਟੀ ਮੈਂਬਰ ਮੱਖਣ ਸਿੰਘ ਭੈਣੀ ਬਾਘਾ ਨੇ ਦੱਸਿਆ ਕਿ ਪ੍ਰਗਟ ਸਿੰਘ ਪੁੱਤਰ ਧਿਆਨ ਸਿੰਘ ਉਮਰ ਕਰੀਬ 45 ਸਾਲ ਇੱਕ ਦਰਮਿਆਨੇ ਪਰਿਵਾਰ ਨਾਲ ਸੰਬੰਧਤ ਸੀ, ਜਿਸ ਦਾ ਆਮਦਨ ਦਾ ਵਸੀਲਾ ਖੇਤੀਬਾੜੀ ਸੀ। ਲਗਾਤਾਰ ਫਸਲੀ ਕਰੋਪੀ ਤੇ ਜਿਣਸ ਦੀ ਉਚਿਤ ਕੀਮਤ ਨਾ ਮਿਲਣ ਕਾਰਨ ਪ੍ਰੇਸ਼ਾਨ ਕਿਸਾਨ ਵੱਲੋਂ ਕਰਜ਼ੇ ਦੇ ਬੋਝ ਹੇਠ ਆ ਕੇ ਅਖੀਰ ਫਾਹਾ ਲਗਾ ਲਿਆ। ਪ੍ਰਗਟ ਸਿੰਘ ਆਪਣੇ ਪਿੱਛੇ ਪਤਨੀ, ਇੱਕ ਪੁੱਤਰ ਤੇ ਦੋ ਧੀਆਂ ਅਤੇ ਲਗਭਗ 4 ਲੱਖ ਸਰਕਾਰੀ ਤੇ ਗੈਰ-ਸਰਕਾਰੀ ਕਰਜ਼ਾ ਛੱਡ ਗਿਆ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਪਰਿਵਾਰ ਦਾ ਸਾਰਾ ਕਰਜ਼ਾ ਰੱਦ ਕੀਤਾ ਜਾਵੇ ਤੇ ਪਰਿਵਾਰ ਦੀ ਆਰਥਿਕ ਮਦਦ ਕੀਤੀ ਜਾਵੇ।

ਬਾਬਾ ਫ਼ਤਹਿ ਸਿੰਘ ਫੁੱਟਬਾਲ ਅਕੈਡਮੀ ਵੱਲੋਂ ਟੂਰਨਾਮੈਂਟ 11 ਦਸੰਬਰ ਤੋਂ

ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਬਾਬਾ ਫ਼ਤਹਿ ਸਿੰਘ ਫੁੱਟਬਾਲ ਅਕੈਡਮੀ ਦੇ ਸਾਰੇ ਅਹੁਦੇਦਾਰਾਂ ਵੱਲੋਂ ਟੂਰਨਾਮੈਂਟ ਸਬੰਧੀ ਹਲਕਾ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨਾਲ ਮੁਲਾਕਾਤ ਕੀਤੀ। ਹਰ ਸਾਲ ਦੀ ਤਰ੍ਹਾਂ ਇਹ ਟੂਰਨਾਮੈਂਟ ਬਾਬਾ ਫ਼ਤਹਿ ਸਿੰਘ ਦੇ ਜਨਮ ਦਿਵਸ ਨੂੰ ਸਮਰਪਤ ਹੋਵੇਗਾ। ਤੀਜਾ ਆਲ ਇੰਡੀਆ ਅੰਡਰ 17 ਸਾਲ ਓਪਨ ਲੜਕੇ ਬਾਬਾ ਫ਼ਤਹਿ ਸਿੰਘ ਫੁੱਟਬਾਲ ਕੱਪ-2023, 11 ਦਸੰਬਰ ਤੋਂ 14 ਦਸੰਬਰ ਤੱਕ ਕਰਾਇਆ ਜਾ ਰਿਹਾ ਹੈ। ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ 'ਚ ਮਾਤਾ ਸੁੰਦਰੀ ਸਕੂਲ ਅੱਤੇਵਾਲੀ ਦੇ ਫੁੱਟਬਾਲ ਗਰਾਊਂਡ ਦੇ ਸੁੰਦਰੀਕਰਨ ਕਰਨ ਦੇ ਸਬੰਧ ਵਿੱਚ ਕੀਤੀ ਗਈ ਤੇ ਉਨ੍ਹਾਂ ਨੇ ਪੂਰਨ ਵਿਸ਼ਵਾਸ ਦਿਵਾਇਆ ਕਿ ਟੂਰਨਾਮੈਂਟ ਤੋਂ ਪਹਿਲਾਂ ਫੁੱਟਬਾਲ ਗ

5 ਸ਼ਹੀਦ ਕਿਸਾਨਾਂ ਦੀ ਯਾਦ ਨੂੰ ਸਮਰਪਿਤ ਰੈਲੀ 16 ਨੂੰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸੰਯੁਕਤ ਕਿਸਾਨ ਮੋਰਚੇ ਵੱਲੋਂ ਲੜੇ ਗਏ ਸੰਘਰਸ਼ ਦੌਰਾਨ ਸ਼ਹੀਦ ਹੋਏ ਕਿਸਾਨ ਆਗੂਆਂ ਜਿਨ੍ਹਾਂ ਵਿੱਚ ਬਲਕਾਰ ਸਿੰਘ ਮੋਦੇ, ਬੀਬੀ ਰਾਜਿੰਦਰ ਕੌਰ ਮੁਹਾਵਾ, ਸੁਖਦੇਵ ਸਿੰਘ ਮੁਹਾਵਾ, ਪਰਮਿੰਦਰ ਸਿੰਘ ਪੰਡੋਰੀ ਅਤੇ ਜੁਗਰਾਜ ਸਿੰਘ ਘਰਿੰਡਾ ਦੀ ਯਾਦ ਨੂੰ ਸਮਰਪਿਤ ਅਟਾਰੀ ਵਿਖੇ 16 ਸਤੰਬਰ ਨੂੰ ਵਿਸ਼ਾਲ ਰੈਲੀ ਦੀਆਂ ਤਿਆਰੀਆਂ ਪੂਰੀ ਤਰ੍ਹਾਂ ਮੁਕੰਮਲ ਹੋ ਗਈਆਂ ਹਨ। 40 ਤੋਂ ਵਧੇਰੇ ਇਕਾਈਆਂ ਦੀਆਂ ਜਨਤਕ ਮੀਟਿੰਗਾਂ ਵਿੱਚ ਬਾਸਮਤੀ ਦੀ ਐਕਸਪੋਰਟ 'ਤੇ ਲਾਈਆਂ ਬੇਲੋੜੀਆਂ ਪਾਬੰਦੀਆਂ ਅਟਾਰੀ ਬਾਰਡਰ ਰਾਹੀਂ ਸਮੂਹ ਖੇਤੀ ਵਸਤਾਂ 'ਤੇ ਪਾਬੰਦੀਆਂ ਵਾਪਸ ਲੈਣ, ਕੰਡਿਆਲੀ ਤਾਰ ਤੋਂ ਪਾਰ ਕਿਸਾਨਾਂ ਨੂੰ ਦੋ ਸਾਲਾਂ ਦਾ ਮੁਆਵਜ਼ਾ ਦੇਣ, ਸਮੁੱਚੇ ਕਰਜ਼ਿਆਂ 'ਤੇ ਲੀਕ ਮਾਰਨ, ਫ਼ਸਲੀ ਬੀਮਾ ਪ੍ਰਣਾਲੀ ਲਾਗੂ ਕਰਨ, ਐੱਮਐੱਸਪੀ ਸਭ ਫ਼ਸਲਾਂ 'ਤੇ ਲਾਗੂ ਕਰਨ ਆਦਿ ਮਸਲਿਆਂ ਲਈ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸ ਸਬੰਧੀ ਕਿਸਾਨ ਆਗੂਆਂ ਮੁਖਤਾਰ ਸਿੰਘ ਮੁਹਾਵਾ, ਗੁਰਨਾਮ ਸਿੰਘ ਦਾਉਕੇ, ਪ੍ਰੇਮ ਸਿੰਘ ਭਰੋਭਾਲ, ਹਰਪ੍ਰੀਤ ਸਿੰਘ ਰਾਜਾਤਾਲ, ਅਰਜਨ ਸਿੰਘ ਨਗਰ, ਸੁੱਖ ਲਾਹੌਰੀਮੱਲ, ਮਨਜੀਤ ਸਿੰਘ ਚੀਚਾ, ਬਲਦੇਵ ਸਿੰਘ ਧਾਰੀਵਾਲ, ਸ਼ਰਨਜੀਤ ਸਿੰਘ ਧਨੋਏ, ਬੂਟਾ ਸਿੰਘ ਮੋਦੇ, ਨਿਰਮਲ ਸਿੰਘ ਮੋਦੇ, ਮਨਜੀਤ ਸਿੰਘ ਸਰਪੰਚ ਖਾਸਾ, ਮਨਿੰਦਰ ਸਿੰਘ ਨੇਸ਼ਟਾ, ਸੰਤੋਖ ਸਿੰਘ ਬੱਚੀਵਿੰਡ ਆਦਿ ਨੇ ਆਰਐੱਮਪੀਆਈ, ਜਮੂਹਰੀ ਕਿਸਾਨ ਸਭਾ, ਬਾਰਡਰ ਏਰੀਆ ਸੰਘਰਸ਼ ਕਮੇਟੀ ਵੱਲੋਂ 16 ਸਤੰਬਰ ਨੂੰ ਅਟਾਰੀ ਵਿਖੇ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਹੈ।

ਬਾਬਾ ਸ੍ਰੀ ਚੰਦ ਦਾ ਜਨਮ ਦਿਹਾੜਾ 20 ਨੂੰ ਮਨਾਇਆ ਜਾਵੇਗਾ : ਬਾਬਾ ਬੇਦੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬਾਬਾ ਸ੍ਰੀ ਚੰਦ ਜੀ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਵੱਲੋਂ ਹਰ ਸਾਲ ਦੀ ਤਰ੍ਹਾਂ 20 ਸਤੰਬਰ ਨੂੰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ ਦਾ ਜਨਮ ਦਿਹਾੜਾ ਕਸਬਾ ਡੇਰਾ ਬਾਬਾ ਨਾਨਕ ਦੇ ਦਸ ਡੋਗਰਾ ਮਾਰਗ ਸਥਿਤ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾਵੇਗਾ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਉੱਘੇ ਸਮਾਜ ਸੇਵੀ ਤੇ ਗੁਰਦੁਆਰਾ ਬਾਬਾ ਸ੍ਰੀ ਚੰਦ ਚੈਰੀਟੇਬਲ ਟਰੱਸਟ ਡੇਰਾ ਬਾਬਾ ਨਾਨਕ ਦੇ ਚੇਅਰਮੈਨ ਐੱਨਆਰਆਈ ਬਾਬਾ ਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਇਸ ਸਬੰਧੀ 18 ਸਤੰਬਰ ਨੂੰ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ, ਜਿਨ੍ਹਾਂ ਦੇ ਭੋਗ 20 ਸਤੰਬਰ ਨੂੰ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਅਤੇ ਕਥਾ ਕੀਰਤਨ ਦੇ ਪ੍ਰਵਾਹ ਚਲਾਏ ਜਾਣਗੇ। ਉਨ੍ਹਾਂ ਕਿਹਾ ਕਿ ਟਰੱਸਟ ਵੱਲੋਂ ਇਸ ਮੌਕੇ ਵਿਸ਼ੇਸ਼ ਤੌਰ 'ਤੇ ਸਨਮਾਨਯੋਗ ਸ਼ਖਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ ਅਤੇ ਸੰਗਤਾਂ ਲਈ ਗੁਰੂ ਕਾ ਅਟੂੱਟ ਲੰਗਰ ਵੀ ਵਰਤਾਇਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ 20 ਸਤੰਬਰ ਨੂੰ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਹਾੜੇ ਮੌਕੇ ਵੱਡੀ ਗਿਣਤੀ ਵਿੱਚ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਵਿਖੇ ਪਹੁੰਚ ਕੇ ਹਾਜ਼ਰੀ ਭਰਨ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਇਸ ਮੌਕੇ ਪ੍ਰਿੰਸੀਪਲ ਬਿਕਰਮਜੀਤ ਸਿੰਘ ਚਾਹਲ, ਸੁੱਚਾ ਸਿੰਘ ਸੈਕਟਰੀ, ਸਾਬਕਾ ਵਾਇਸ ਚੇਅਰਮੈਨ ਨਿਰਮਲ ਸਿੰਘ ਹਰੂਵਾਲ, ਹੈੱਡ ਗ੍ਰੰਥੀ ਬਾਬਾ ਭੁਪਿੰਦਰ ਸਿੰਘ, ਵਿਕਰਮਜੀਤ ਸਿੰਘ ਅਤੇ ਬਲਜਿੰਦਰ ਸਿੰਘ ਬੱਬੂ ਆਦਿ ਹਾਜ਼ਰ ਸਨ ।

COURT NOTICE

In the Court of
Ms. Lovepreet Kaur Swaich
Judicial Magistrate-Ist Class, Ludhiana.
CNR No. PBLD030225182020
COMA/5477/2020
Next Date : 21.10.2023
Kotak Mahindera Bank
Versus
Manjeet Kumar
(Complaint 138 Negotiable Instrument Act)

Notice to : 1. Manjeet Kumar S/o Not know R/o Vill. Ridhau 4-R Ridhd Distt. Sonipat.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.10.2023 at 10.00 a.m.

For details logon to https://highcourtchd.gov.in/?trs=district notice & district=Ludhiana

Judicial Magistrate-Ist Class, Ludhiana.
Dated, this day of 8.9.2023

COURT NOTICE

In the Court of
Ms. Amanpreet Kaur
Judicial Magistrate-Ist Class-13, Patiala.
CNR No. PBPT03-013018-2022
Next Date : 20.9.2023
Pushpinder Kaur
Versus
Bhupinder Singh
Publication issued to : Kulwinder Kaur D/o Shingara Singh R/o Vill. Kotra Kalan Distt. Mansa.

In above titled case, the accused could not be served. It is ordered that accused should appear in person or through counsel on 20.9.2023 at 10.00 a.m.

For details logon to https://highcourtchd.gov.in/?trs=district notice & district=Patiala

Judicial Magistrate-Ist Class-13, Patiala.
Dated, this day of 2.9.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ।
ਮਿਸਲ ਨੰਬਰ : 11/ਟੀ, ਪਿੰਡ : ਮਹਾਲੋਂ, ਕਿਸਮ ਕੇਸ : ਤਕਸੀਮ
ਦਾਇਰ ਮਿਤੀ : 20.7.2022, ਫੈਸਲਾ ਮਿਤੀ : 15.9.2023

ਪਬਲੀਕੇਸ਼ਨ ਨੋਟਿਸ

ਕੇਸ ਅਨੁਵਾਨ : ਪਿਆਰਾ ਆਦਿ ਬਨਾਮ : ਜੋਗਿੰਦਰ ਕੌਰ ਆਦਿ

1. ਮਿਤਕ ਪਿਆਰਾ ਬਜਰੀਆ ਕਾਨੂੰਨੀ ਵਾਰਸ ਓ) ਜਸਵਿੰਦਰ ਕੁਮਾਰੀ ਪੁੱਤਰੀ ਪਿਆਰਾ ਅ) ਬਲਵਿੰਦਰ ਕੌਰ ਪੁੱਤਰੀ ਪਿਆਰਾ ੲ) ਕਮਲਜੀਤ ਪੁੱਤਰੀ ਪਿਆਰਾ ਸ) ਜੋਇਤੀ ਪੁੱਤਰੀ ਪਿਆਰਾ 2. ਝਲਮਣ ਬੇਟੇ ਬੰਤਾ ਪੁੱਤਰ ਵਜੀਰਾ ਵਾਸੀਆਨ ਮੁਹੱਲਾ ਭੁੱਚਰਾਂ, ਨਵਾਂਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਫਰੀਕ ਅੱਵਲ

ਬਨਾਮ-1. ਜੋਗਿੰਦਰ ਕੌਰ ਵਿਧਵਾ ਤਰਸੇਮ ਸਿੰਘ 2. ਦੀਪਕ ਗਰੇਵਾਲ 3. ਮਿਤਕ ਸਤਨਾਮ ਬੇਟੇ ਤਰਸੇਮ ਲਾਲ ਬਜਰੀਆ ਕਾਨੂੰਨੀ ਵਾਰਸ ਓ) ਨਰਿੰਦਰ ਕੌਰ ਵਿਧਵਾ ਅ) ਰਣਵੀਰ ਸਿੰਘ ਪੁੱਤਰ ਸਤਨਾਮ 4. ਮਨਜੀਤ ਕੌਰ 5. ਸੀਮਾ 6. ਰਜਨੀ 7. ਮਨਪ੍ਰੀਤ ਕੌਰ ਪੁੱਤਰੀਆਂ ਤਰਸੇਮ ਸਿੰਘ 8. ਮਿਤਕ ਸ਼ਿੰਗਾਰਾ ਪੁੱਤਰ ਬੰਤਾ ਜਿਨ੍ਹਾਂ ਦੇ ਕਾਨੂੰਨੀ ਵਾਰਸ ਪਹਿਲਾਂ ਹੀ ਫਰੀਕ ਅੱਵਲ ਨੰ: 1 ਅਤੇ 2 ਅਤੇ ਫਰੀਕ ਦੋਇਮ ਨੰ: 1 ਤੋਂ 7 ਵਾਸੀਆਨ ਭੁੱਚਰਾਂ ਮੁਹੱਲਾ ਨਵਾਂਸ਼ਹਿਰ 9. ਰਾਜਨ ਕੁਮਾਰ ਪੁੱਤਰ ਸੱਤਪਾਲ 10. ਮਿਤਕ ਸ਼ਿੰਦਾ ਬਜਰੀਆ ਕਾਨੂੰਨੀ ਵਾਰਸ ਹਰਦੀਪ ਸਿੰਘ ਪੁੱਤਰ 11. ਦਰਸ਼ਨ ਕੌਰ ਪੁੱਤਰੀ ਮਲੂਕਾ ਉਰਫ ਮਲੂਕ ਸਿੰਘ 12. ਜਗਜੀਤ ਸਿੰਘ ਪੁੱਤਰ ਮਲੂਕਾ ਉਰਫ ਮਲੂਕ ਸਿੰਘ 13. ਨਾਥ ਪੁੱਤਰ ਕਰਤਾਰਾ 14. ਮਿਤਕ ਬਾਬੂ ਬੇ-ਔਲਾਦ ਪੁੱਤਰ ਬਸੰਤ ਬਜਰੀਆ ਕਾਨੂੰਨੀ ਵਾਰਸ ਜਗਜੀਤ ਸਿੰਘ ਭਤੀਜਾ ਪੁੱਤਰ ਮਲੂਕਾ ਉਰਫ ਮਲੂਕ ਸਿੰਘ 15. ਮਿਤਕ ਮਾਹੋਂ ਵਿਧਵਾ ਬੰਤਾ ਜਿਸ ਦੇ ਵਾਰਸ ਪਹਿਲਾਂ ਹੀ ਫਰੀਕ ਅੱਵਲ ਨੰ: 1 ਅਤੇ 2 ਅਤੇ ਫਰੀਕ ਦੋਇਮ ਨੰ: 1 ਤੋਂ 7 ਸ਼ਾਮਲ ਹਨ। ਵਾਸੀਆਨ ਭੁੱਚਰਾਂ ਮੁਹੱਲਾ ਨਵਾਂਸ਼ਹਿਰ 16. ਸੁਰਿੰਦਰ ਕੌਰ ਪੁੱਤਰੀ ਬੰਤਾ ਪੁੱਤਰ ਵਜੀਰਾ 17. ਮਿਤਕ ਭਜਨ ਕੌਰ ਉਰਫ ਭਜਨੋ ਪੁੱਤਰ ਬੰਤਾ ਬਜਰੀਆ ਕਾਨੂੰਨੀ ਵਾਰਸ ਜੋ ਪਹਿਲਾਂ ਹੀ ਫਰੀਕ ਅੱਵਲ ਨੰ: 1 ਅਤੇ 2. ਫਰੀਕ ਦੋਇਮ ਨੰ: 1 ਤੋਂ 7 ਸ਼ਾਮਲ ਹਨ। ਵਾਸੀਆਨ ਮੁਹੱਲਾ ਭੁੱਚਰਾਂ, ਨਵਾਂਸ਼ਹਿਰ 18. ਤਰਲੋਚਨ ਸਿੰਘ 19. ਬੁੱਧ ਸਿੰਘ ਪੁੱਤਰਾਨ ਘਈਆ ਸਿੰਘ 20. ਸ਼ਹਿਜ਼ਾਦੀ ਬੇਗਮ ਪਤਨੀ ਮੁਹੰਮਦ ਮਸਤਾਨ 21. ਰੀਨਾ ਪਤਨੀ ਰਣਜੀਤ ਕੁਮਾਰ 22. ਝਲਮਣ ਰਾਮ ਪੁੱਤਰ ਸੋਨੀ ਰਾਮ 23. ਅਮਰ ਚੰਦ ਪੁੱਤਰ ਫੁੰਮਣ ਰਾਮ 24. ਭਗਵੰਤ ਕੌਰ ਪਤਨੀ ਵਿਕਰਮਜੀਤ 25. ਕਮਲਜੀਤ ਕੌਰ ਵਿਧਵਾ ਪਿਆਰਾ ਸਿੰਘ 26. ਮੀਨਾ ਪਤਨੀ ਹਰਮੇਸ਼ ਸਿੰਘ 27. ਵਿਨੋਦ ਕੁਮਾਰ ਪੁੱਤਰ ਕੇਸ਼ ਨੰਦ 28. ਰਾਕੇਸ਼ ਕੁਮਾਰ ਪੁੱਤਰ ਰਾਜ ਕੁਮਾਰ 29. ਮਧੂ ਸਹਿਗਲ ਪੁੱਤਰ ਅਨਿਲ ਸਹਿਗਲ 30. ਜੋਗਿੰਦਰ ਕੌਰ ਪਤਨੀ ਫਕੀਰ ਚੰਦ 31. ਮਨਪ੍ਰੀਤ ਕੌਰ ਪਤਨੀ ਵਿਜੇ ਕੁਮਾਰ 32. ਗੁਰਮੀਤ ਕੌਰ ਪਤਨੀ ਗਿਆਨ ਚੰਦ 33. ਵਲਵੀਰ ਕੌਰ ਪਤਨੀ ਓਮ ਪ੍ਰਕਾਸ਼ 34. ਰੰਜੂ ਦੇਵੀ ਪਤਨੀ ਅਮੋਧ ਕੁਮਾਰ 35. ਬਿਮਲਾ ਪਤਨੀ ਬਲਵੀਰ ਵਾਸੀ ਮਕਾਨ ਨੰ: 3/295 ਨਵੀਂ ਆਬਾਦੀ, ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 36. ਮੰਜੂ ਬਾਲਾ ਪਤਨੀ ਰਾਜਨ ਕੁਮਾਰ 37. ਅਜੀਤ ਸਿੰਘ ਬਖਸ਼ੀ ਪੁੱਤਰ ਬਸੰਤ ਸਿੰਘ ਬਖਸ਼ੀ 38. ਗੁਰਜੀਤ ਕੌਰ ਪੁੱਤਰੀ ਤੇਗ ਬਹਾਦਰ ਸਿੰਘ ਬਖਸ਼ੀ, 39. ਪ੍ਰਭਜੋਤ ਪੁੱਤਰ ਸ਼ਾਮ ਸੁੰਦਰ 40. ਬਲਰਾਜ ਪੁੱਤਰ ਭਜਨ ਲਾਲ ਵਾਸੀਆਨ ਮੁਹੱਲਾ ਭੁੱਚਰਾਂ, ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ 41. ਦੀ ਬੇਗਮਪੁਰ ਕੋਆਪਰੇਟਿਵ ਸੁਸਾਇਟੀ ਬੇਗਮਪੁਰ, ਤਹਿ: ਨਵਾਂਸ਼ਹਿਰ ਬਜਰੀਆ ਸਕੱਤਰ। ਫਰੀਕ ਦੋਇਮ

(ਦਰਖਾਸਤ ਬਰਾਏ ਕਰਨੇ ਵੰਡ ਅਰਾਜੀ ਜ਼ੇਰੇ ਖਾਤਾ ਨੰ: 85/91 ਤੋਂ 96 ਕੁਲ ਰਕਬਾ ਤੇਦਾਦੀ 37ਕ-14ਮ, ਬਰੂਏ ਫਰਦ ਜਮ੍ਹਾਂਬੰਦੀ ਸਾਲ 2015-16 ਵਾਕਿਆ ਰਕਬਾ ਪਿੰਡ ਮਹਾਲੋਂ-1, ਤਹਿ: ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ)

ਉਪਰੋਕਤ ਅਨੁਵਾਨ ਮੁਕੱਦਮਾ ਅਧੀਨ ਤਕਸੀਮ ਕੇਸ ਵਿੱਚ ਫਰੀਕ ਦੋਇਮ ਲਾਲ ਪਰਵਿੰਦਰ ਸਿੰਘ ਵਿਦੇਸ਼ ਵਿੱਚ ਰਹਿੰਦਾ ਹੈ। ਇਸ ਕਰਕੇ ਫਰੀਕ ਦੋਇਮ ਦੀ ਅਸਾਲਤਨ ਇਤਲਾਹ ਨਹੀਂ ਹੋ ਸਕੀ। ਜਿਸ ਤੋਂ ਪਾਇਆ ਗਿਆ ਕਿ ਫਰੀਕ ਦੋਇਮ ਦੀ ਮਾਮੂਲੀ ਤਰੀਕੇ ਨਾਲ ਇਤਲਾਹ ਹੋਣੀ ਮੁਸ਼ਕਲ ਹੈ। ਇਸ ਲਈ ਮਿਤੀ 15.9.2023 ਦੀ ਤਾਰੀਖ ਪੇਸ਼ੀ ਨਿਸ਼ਚਿਤ ਕਰ ਕੇ ਇਸ ਇਸ਼ਤਿਹਾਰ ਰਾਹੀਂ ਫਰੀਕ ਦੋਇਮ ਲਾਲ ਪਰਵਿੰਦਰ ਸਿੰਘ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਵੇ। ਉਕਤ ਮੁਕੱਰਰ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿੱਚ ਇਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਅੱਜ ਮਿਤੀ 17.8.2023 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਸਹਾਇਕ ਕੁਲੈਕਟਰ ਦਰਜਾ ਪਹਿਲਾ, ਨਵਾਂਸ਼ਹਿਰ।
ਨੰ: 353/ਰੀਡਰ-1/ਮਿਤੀ 21.8.2023

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 05.10.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਖੁਲ੍ਹਾ	ਨਿਵਿਦਾ ਅਨੁਭਾਗ	ਕੰਮ	ਬੋਲੀ ਪ੍ਰਣਾਲੀ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	12.09.2023	ਬੋਲੀ ਸ਼ੁਰੂ ਦੀ ਮਿਤੀ	21.09.2023	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ	05.10.2023 15:00 ਵਜੇ

ਲ.ਨ.	ਨਿਵਿਦਾ ਨੰ.	ਨਿਵਿਦਾ ਦਾ ਵੇਰਵਾ
1.	209-2023-24-ADEN-JUC	ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਸਿਟੀ ਦੇ ਤਹਿਤ ਜਲੰਧਰ ਸਿਟੀ-ਅੰਮ੍ਰਿਤਸਰ ਸੈਕਸ਼ਨ ਤੇ ਬ੍ਰਿਜ 23 ਅਤੇ 28 ਨੰਬਰ (ਸਾਈਡਿੰਗ ਦੀ ਆਰਸੀਸੀ ਸਲੈਬ ਦੇ ਨਾਲ ਗਡ੍ਰਸ਼ਮ ਦਾ ਪ੍ਰਤੀਸਥਾਪਨ।

ਵਿਗਿਆਪਨ ਮੁੱਲ	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
₹79,76,795.67	₹1,59,500/-	60 ਦਿਨ	10 ਮਹੀਨੇ
ਸਮਾਨ ਨੇਚਰ ਦਾ ਕੰਮ : - ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ।			

2.	210-2023-24-ADEN-1 ASR	ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਸੀਨੀਅਰ ਸੈਕਸ਼ਨ ਇੰਜੀਨੀਅਰ/ਕੰਮ/ਮੇਨ ਲਾਈਨ/ਅੰਮ੍ਰਿਤਸਰ ਸੈਕਸ਼ਨ ਵਿਚ ਕਾਲੋਨੀ ਨੰ. 1,2,3 ਦੇ ਸਟਾਫ ਕਵਾਟਰ ਬਲਾਕ ਦੀ ਪੁਰਾਣੀ/ਟਪਕਦੀ ਛੱਤ ਨੂੰ ਬਦਲਣ।

ਵਿਗਿਆਪਨ ਮੁੱਲ	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
₹59,99,966.98	₹1,20,000/-	60 ਦਿਨ	06 ਮਹੀਨੇ
ਸਮਾਨ ਨੇਚਰ ਦਾ ਕੰਮ : - ਕਿਸੇ ਵੀ ਪੁਲ ਦਾ ਨਿਰਮਾਣ ਕੰਮ।			

ਨੋਟ 1. ਨਿਵਿਦਾ ਪਾਉਣ ਤੋਂ ਪਹਿਲਾਂ, ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।

ਨਿਵਿਦਾ ਸੂਚਨਾ ਪੱਤਰ ਨੰ.: 209-2023-24-ADEN-JUC & 210-2023-24-ADEN-1-ASR
ਤਾਰੀਖ: 13.09.2023 2848/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

Public Notice

I, Gian Kaur W/o Masat Ram R/o Village Kakkon, Tehsil and Distt. Hoshiarpur declare that my daughter in law Anita W/o Late Bhupinder Kumar and her children Radhika and Darsh Kumar are out of my control. So I disinherit them from all my moveable and immoveable properties. The person doing the transaction with them will be responsible himself. There will be no responsibility of me and my family. All concerned please note.

I, Major Singh S/o Mohinder Singh R/o H.No. L-27, Amrik Nagar, Kishanpura, Jalandhar declare that my son Harpreet Singh & his wife Sukhdeep Kaur are out of my control. I disinherit them from my movable and immovable properties. I and my family shall not be held responsible for any of their acts deeds and things. All please note.

ਪਬਲਿਕ ਨੋਟਿਸ

ਜਮੀਨ ਵਾਕਿਆ ਚੁਗਾਵਾਂ ਫਰਦ ਜਮਾਂਬੰਦੀ ਵਿੱਚ ਮੇਰਾ ਨਾਮ ਛਿੰਦਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਸੰਗਾਰਾ ਸਿੰਘ ਦਰਜ ਹੈ, ਜੋ ਕਿ ਮੇਰਾ ਘਰੇਲੂ ਨਾਮ ਹੈ, ਜਦ ਕਿ ਮੇਰਾ ਸਹੀ ਵ ਸਾਰੇ ਦਸਤਾਵੇਜਾਂ ਅਨੁਸਾਰ ਨਾਮ ਜਸਵਿੰਦਰ ਸਿੰਘ ਹੈ । ਇਸ ਲਈ ਜਮੀਨ ਵਾਕਿਆ ਚੁਗਾਵਾਂ ਦੀ ਫਰਦ ਜਮਾਂਬੰਦੀ ਵਿੱਚ ਮੇਰਾ ਨਾਮ ਛਿੰਦਰ ਸਿੰਘ ਉਰਫ ਜਸਵਿੰਦਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਮੰਗਲ ਸਿੰਘ ਦਰਜ ਕੀਤਾ ਜਾਵੇ

15-SEP-PAGE-5.qxd 9/14/2023 8:17 PM Page 1

ਬਿਜਲੀ ਮੁਲਾਜ਼ਮਾਂ ਨੇ ਐਸਮਾ ਦੀਆਂ ਕਾਪੀਆਂ ਤੇ ਸਰਕਾਰ ਦੇ ਪੁਤਲੇ ਫੂਕੇ

ਸਮਰਾਲਾ (ਸੁਰਜੀਤ ਸਿੰਘ)

ਪੀ.ਐੱਸ.ਈ.ਬੀ. ਇੰਪਲਾਈਜ਼ ਜੁਆਇੰਟ ਫੋਰਮ ਦੇ ਸੱਦੇ 'ਤੇ ਬਿਜਲੀ ਮੁਲਾਜ਼ਮਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਟੈਕਨੀਕਲ ਸਰਵਿਸਜ਼ ਯੂਨੀਅਨ, ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ ਇੰਪਲਾਈਜ਼ ਫੈਡਰੇਸ਼ਨ ਪੀ.ਐੱਸ.ਈ.ਬੀ. (ਸੁਰਿੰਦਰ ਸਿੰਘ ਪਹਿਲਵਾਨ), ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ, ਇੰਪਲਾਈਜ਼ ਫੈਡਰੇਸ਼ਨ (ਫਲਜੀਤ ਸਿੰਘ) ਮਨਿਸਟੀਰੀਅਲ ਸਰਵਿਸਜ਼ ਯੂਨੀਅਨ, ਵਰਕਰਜ਼ ਫੈਡਰੇਸ਼ਨ (ਇੰਟਕ), ਥਰਮਲਜ਼ ਇੰਪਲਾਈਜ਼ ਕੋਆਰਡੀਨੇਸ਼ਨ ਕਮੇਟੀ, ਹੈੱਡ ਆਫਿਸ ਇੰਪਲਾਈਜ਼ ਫੈਡਰੇਸ਼ਨ ਤੇ ਸਬ ਸਟੇਸ਼ਨ ਵੈੱਲਫੇਅਰ ਐਸੋਸੀਏਸ਼ਨ ਦੇ ਬਿਜਲੀ ਕਾਮਿਆਂ ਵੱਲੋਂ ਪੰਜਾਬ ਦੇ ਸਮੁੱਚੇ ਉੱਪ ਮੰਡਲ/ਮੰਡਲ ਦਫਤਰਾਂ ਅੱਗੇ ਰੋਸ ਭਰਪੂਰ ਰੈਲੀਆਂ ਕਰਕੇ ਮੁਲਾਜ਼ਮ ਮਜ਼ਦੂਰ ਵਿਰੋਧੀ ਐਸਮਾਂ ਐਕਟ ਦੀਆਂ ਕਾਪੀਆਂ ਤੇ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਗਏ। ਇਨ੍ਹਾਂ ਜਥੇਬੰਦੀਆਂ ਦੇ ਸੂਬਾਈ ਆਗੂਆਂ ਸਰਬ ਸਾਥੀ ਕਰਮਚੰਦ ਭਾਰਦਵਾਜ, ਰਤਨ ਸਿੰਘ ਮਜਾਰੀ, ਬਲਦੇਵ ਸਿੰਘ ਮੰਢਾਲੀ, ਰਵੇਲ ਸਿੰਘ ਸਹਾਏਪੁਰ, ਕੌਰ ਸਿੰਘ ਸੋਹੀ, ਹਰਪਾਲ ਸਿੰਘ, ਜਗਰੂਪ ਸਿੰਘ ਮਹਿਮਦਪੁਰ, ਜਗਜੀਤ ਸਿੰਘ ਕੋਟਲੀ, ਅਵਤਾਰ ਸਿੰਘ ਕੈਂਥ, ਸਿਕੰਦਰ ਨਾਥ, ਕੁਲਵਿੰਦਰ ਸਿੰਘ ਢਿੱਲੋਂ, ਜਗਜੀਤ ਸਿੰਘ ਕੰਡਾ, ਸੁਖਵਿੰਦਰ ਸਿੰਘ ਚਾਹਲ, ਜਰਨੈਲ ਸਿੰਘ ਔਲਖ ਨੇ ਵੱਖ-ਵੱਖ ਥਾਵਾਂ 'ਤੇ ਕੀਤੀਆਂ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰ ਮੈਨੇਜਮੈਂਟ ਮੁਲਾਜ਼ਮਾਂ ਨਾਲ ਮੀਟਿੰਗਾਂ ਸਮੇਂ ਹੋਈਆਂ ਸਹਿਮਤੀਆਂ ਤੇ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਲਗਾਤਾਰ ਟਾਲਮਟੋਲ ਕਰ ਰਹੀਆਂ ਹਨ। ਪੇ ਕਮਿਸ਼ਨ ਦੀ ਰਿਪੋਰਟ ਹੂਬਹੂ ਲਾਗੂ ਕਰਨ ਤੇ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਵਿੱਚ ਰਹਿੰਦੀਆਂ ਤਰੁੱਟੀਆਂ ਦੂਰ ਕਰਨ ਅਤੇ ਭੱਤਿਆਂ ਵਿੱਚ ਵਾਧਾ ਕਰਨ ਤੋਂ ਇਨਕਾਰੀ ਹੈ, ਸਗੋਂ ਪਹਿਲਾਂ ਮਿਲਦੇ 27 ਭੱਤੇ ਬੰਦ ਕਰਨ ਦੀਆਂ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਬਿਜਲੀ ਮੰਤਰੀ ਪੰਜਾਬ ਦੀ ਹਾਜ਼ਰੀ 'ਚ ਮੰਨੀਆਂ ਮੰਗਾਂ ਲਾਗੂ ਨਾ ਕਰਨ ਦਾ ਸਖਤ ਵਿਰੋਧ ਕਰਦਿਆਂ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਲਾਗੂ ਕਰਨ ਦੀ ਅਪੀਲ ਕੀਤੀ, ਜਿਸ ਅਨੁਸਾਰ 19 ਸਤੰਬਰ ਤੋਂ 13 ਅਕਤੂਬਰ ਤੱਕ ਸਰਕਲ ਦਫਤਰਾਂ ਅੱਗੇ ਧਰਨੇ, 17 ਅਕਤੂਬਰ ਤੋਂ 27 ਅਕਤੂਬਰ ਤੱਕ ਜ਼ੋਨਲ ਕਨਵੈਨਸ਼ਨ, 8 ਨਵੰਬਰ ਹੈੱਡ ਆਫਿਸ ਪਟਿਆਲਾ ਅੱਗੇ ਸੂਬਾ ਪੱਧਰੀ ਧਰਨਾ ਤੇ ਨਵੰਬਰ ਦੇ ਆਖਰੀ ਹਫਤੇ ਸੂਬਾ ਪੱਧਰ 'ਤੇ ਇੱਕ ਰੋਜ਼ਾ ਹੜਤਾਲ ਕੀਤੀ ਜਾਵੇਗੀ। ਰੈਲੀਆਂ ਨੂੰ ਹੋਰਨਾਂ ਤੋਂ ਇਲਾਵਾ ਬਲਜੀਤ ਸਿੰਘ ਮੋਦਲਾ, ਇੰਦਰਜੀਤ ਢਿੱਲੋਂ, ਹਰਮੇਸ਼ ਧੀਮਾਨ, ਜਗਦੀਪ ਸਿੰਘ ਸਹਿਗਲ, ਲਖਬੀਰ ਸਿੰਘ ਜ਼ੀਰਾ, ਤੇਜਿੰਦਰ ਸੇਖੋਂ, ਸਰਬਜੀਤ ਭਾਣਾ, ਬਰਜਿੰਦਰ ਸ਼ਰਮਾ, ਰਘਬੀਰ ਸਿੰਘ, ਸੁਖਮਿੰਦਰ ਦੁੰਮਨਾ, ਲਖਵਿੰਦਰ ਸਿੰਘ, ਕਮਲਜੀਤ ਸਿੰਘ, ਲਖਵੰਤ ਸਿੰਘ ਦਿਓਲ, ਜਗਦੀਪ ਸਿੰਘ ਸਹਿਗਲ, ਰਾਮ ਸਿੰਘ ਸੈਣੀ ਆਦਿ ਤੋਂ ਇਲਾਵਾ ਡਵੀਜ਼ਨ ਤੇ ਸਰਕਲ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਐਸਮਾਂ ਕਾਨੂੰਨ ਸਬੰਧੀ ਨੋਟੀਫਿਕੇਸ਼ਨ ਵਾਪਸ ਨਾ ਲਿਆ ਤੇ ਮੁਲਾਜ਼ਮਾਂ ਦੀਆਂ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਮੁਲਾਜ਼ਮ ਤੇ ਪੈਨਸ਼ਨਰਜ਼ ਨਾਲ ਮਿਲ ਕੇ 17 ਸਤੰਬਰ ਨੂੰ ਅੰਮ੍ਰਿਤਸਰ, 24 ਸਤੰਬਰ ਨੂੰ ਮਲੋਟ ਤੇ ਜਲੰਧਰ ਵਿਖੇ ਰੋਸ ਮਾਰਚ ਅਤੇ 14 ਅਕਤੂਬਰ ਨੂੰ ਦਾਣਾ ਮੰਡੀ ਚੰਡੀਗੜ੍ਹ ਵਿਖੇ ਸੂਬਾਈ ਪੱਧਰ ਦੀ ਰੈਲੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ।

ਮੁਕਤਸਰ (ਸ਼ਮਿੰਦਰਪਾਲ, ਪੂਜਾ) : ਸ੍ਰੀ ਮੁਕਤਸਰ ਸਾਹਿਬ ਦੇ ਕੋਟਕਪੂਰਾ ਰੋਡ 'ਤੇ ਪਾਵਰਕਾਮ ਜੁਆਇੰਟ ਫੋਰਮ ਦੇ ਸੱਦੇ 'ਤੇ ਪੰਜਾਬ ਸਰਕਾਰ ਵੱਲੋਂ ਲਾਗੂ ਐਸਮਾ ਕਾਨੂੰਨ ਦੇ ਵਿਰੋਧ 'ਚ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਜਿੱਥੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਗਈ, ਉਥੇ ਹੀ ਐਸਮਾ ਕਾਨੂੰਨ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੇ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਐਸਮਾ ਕਾਨੂੰਨ ਲਾਗੂ ਕਰਕੇ ਉਲਟਾ ਮੁਲਾਜ਼ਮਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਬਲਜੀਤ ਸਿੰਘ ਮੋਦਲਾ, ਬਰਜਿੰਦਰ ਸ਼ਰਮਾ, ਨਛੱਤਰ ਸਿੰਘ ਥਾਂਦੇ, ਗੁਰਦੀਪ ਸਿੰਘ, ਬਸੰਤ ਸਿੰਘ, ਗੁਰਸੇਵਕ ਸਿੰਘ, ਮਨਦੀਪ ਸਿੰਘ, ਮਨਿੰਦਰ ਸਿੰਘ, ਪ੍ਰੇਮ ਕੁਮਾਰ, ਦੇਸ ਰਾਜ, ਮੇਹਰ ਚੰਦ, ਕੁਲਵੰਤ ਸਿੰਘ ਆਦਿ ਮੌਜੂਦ ਸਨ।

ਕਿਸਾਨ ਮੇਲੇ 'ਚ ਆਈ ਡੀ ਪੀ ਡੀ ਵੱਲੋਂ ਮੈਡੀਕਲ ਕੈਂਪ

ਲੁਧਿਆਣਾ (ਐੱਮ ਐੱਸ ਭਾਟੀਆ)-ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.) ਨੇ ਕਿਸਾਨ ਮੇਲੇ ਵਿੱਚ ਮੁਫਤ ਮੈਡੀਕਲ ਕੈਂਪ ਲਗਾਇਆ ਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਦਿੱਤੀਆਂ। ਮੈਡੀਕਲ ਟੀਮ ਵਿੱਚ ਡਾ. ਅਰੁਣ ਮਿਤਰਾ, ਡਾ. ਤੇਜਿੰਦਰ ਤੂਰ, ਡਾ. ਗੁਰਵੀਰ ਸਿੰਘ, ਡਾ. ਸੂਰਜ ਢਿੱਲੋਂ, ਡਾ. ਰਜਤ ਗਰੇਵਰ, ਡਾ. ਅੰਕੁਸ਼ ਕੁਮਾਰ, ਡਾ. ਹਰਪ੍ਰੀਤ ਕੰਗ ਤੇ ਸਹਾਇਕ ਸਟਾਫ ਅਨੋਦ ਕੁਮਾਰ, ਸਤਵੀਰ ਸਿੰਘ, ਸੰਜੀਤ ਰਾਮ ਤੇ ਅਜੈ ਰਾਮ ਮਰੀਜ਼ਾਂ ਦੀ ਜਾਂਚ ਕੀਤੀ। ਜਾਂਚ ਕੀਤੇ ਗਏ ਮਰੀਜ਼ ਮੁੱਖ ਤੌਰ 'ਤੇ ਪੇਟ ਦੀ ਸਮੱਸਿਆ, ਖੰਘ, ਸਰੀਰ ਦੇ ਦਰਦ, ਬੁਖਾਰ, ਜੋੜਾਂ ਦੇ ਦਰਦ, ਸਾਹ ਦੀ ਸਮੱਸਿਆ, ਦੰਦਾਂ ਦੀਆਂ ਸਮੱਸਿਆਵਾਂ ਆਦਿ ਤੋਂ ਪੀੜਤ ਸਨ। ਇਹ ਕੈਂਪ 15 ਸਤੰਬਰ ਨੂੰ ਵੀ ਜਾਰੀ ਰਹੇਗਾ।

ਪਲੇਸਮੈਂਟ ਕੈਂਪ ਅੱਜ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ 15 ਸਤੰਬਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਐੱਸ.ਬੀ.ਆਈ. ਲਾਈਫ ਦੇ ਨੁਮਾਇੰਦੇ ਭਾਗ ਲੈਣਗੇ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫਸਰ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਲਈ ਵਿੰਦਿਅਕ ਯੋਗਤਾ 10ਵੀਂ ਰੱਖੀ ਗਈ ਹੈ, ਜਿਸ ਵਿੱਚ ਲੜਕੇ ਤੇ ਲੜਕੀਆਂ ਦੋਵੇਂ ਭਾਗ ਲੈ ਸਕਦੇ ਹਨ। ਉਨ੍ਹਾਂ ਦੱਸਿਆ ਕਿ ਇੰਟਰਵਿਊ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਗਰਾਊਂਡ ਫਲੋਰ ਦੇ ਕਮਰਾ ਨੰ: 122 ਵਿੱਚ ਸਵੇਰੇ 10:00 ਵਜੇ ਹੋਵੇਗੀ। ਉਨ੍ਹਾਂ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਗਿਣਤੀ ਵਿੱਚ ਇਸ ਕੈਂਪ 'ਚ ਭਾਗ ਲੈ ਕੇ ਇਸ ਦਾ ਲਾਭ ਉਠਾਉਣ।

14 ਟਰੇਨਾਂ ਰੱਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਫ਼ਿਰੋਜ਼ਪੁਰ ਡਵੀਜ਼ਨ ਰੇਲਵੇ ਅਧੀਨ ਜੰਮੂ ਤਵੀ ਰੇਲਵੇ ਸਟੇਸ਼ਨ 'ਤੇ ਮੁਰੰਮਤ ਦੇ ਕੰਮ ਕਾਰਨ 14 ਤੋਂ 19 ਸਤੰਬਰ ਤੱਕ 24 ਰੇਲ ਗੱਡੀਆਂ ਪ੍ਰਭਾਵਿਤ ਹੋਣਗੀਆਂ। ਇਨ੍ਹਾਂ ਵਿੱਚੋਂ 14 ਟਰੇਨਾਂ ਰੱਦ ਰਹਿਣਗੀਆਂ, ਜਦਕਿ 10 ਟਰੇਨਾਂ ਅੰਸ਼ਕ ਤੌਰ 'ਤੇ ਰੱਦ ਰਹਿਣਗੀਆਂ। ਪ੍ਰਾਪਤ ਜਾਣਕਾਰੀ ਅਨੁਸਾਰ ਫ਼ਿਰੋਜ਼ਪੁਰ ਡਵੀਜ਼ਨ ਰੇਲਵੇ ਵੱਲੋਂ ਜੰਮੂ ਤਵੀ ਰੇਲਵੇ ਸਟੇਸ਼ਨ 'ਤੇ ਕਈ ਥਾਵਾਂ 'ਤੇ ਮੁਰੰਮਤ ਕੀਤੀ ਜਾਵੇਗੀ, ਅਜਿਹੇ 'ਚ ਕੁਝ ਟਰੇਨਾਂ ਨੂੰ ਅੰਸ਼ਕ ਤੌਰ 'ਤੇ ਰੱਦ ਕਰ ਦਿੱਤਾ ਗਿਆ ਹੈ। ਅਜਿਹੇ 'ਚ ਪੰਜਾਬ ਤੇ ਹਰਿਆਣਾ 'ਚੋਂ ਲੰਘਣ ਵਾਲੀਆਂ ਇਨ੍ਹਾਂ ਟਰੇਨਾਂ 'ਚ ਸਫਰ ਕਰਨ ਵਾਲੇ ਯਾਤਰੀਆਂ ਨੂੰ ਬਿਨਾਂ ਸ਼ੱਕ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ।

ਨੈਸ਼ਨਲ ਗੇਮਜ਼-2023 ਲਈ ਬਲਜਿੰਦਰ ਸਿੰਘ ਤੂਰ ਬਣੇ ਡਾਇਰੈਕਟਰ ਆਫ ਕੰਪੀਟੀਸ਼ਨ

ਮਾਛੀਵਾੜਾ ਸਾਹਿਬ (ਸ਼ੌਕੀ ਸ਼ਰਮਾ, ਜਗਦੀਸ਼ ਰਾਏ)-ਗੋਆ ਵਿਖੇ 25 ਅਕਤੂਬਰ ਤੋਂ 9 ਨਵੰਬਰ 2023 ਤੱਕ ਹੋਣ ਵਾਲੀਆਂ ਨੈਸ਼ਨਲ ਯੂਥ ਗੇਮਜ਼ ਵਿੱਚ ਪੰਜਾਬ ਦੇ ਸਿੱਖ ਮਾਰਸ਼ਲ ਆਰਟ ਗੱਤਕੇ ਨੂੰ ਪਹਿਲੀ ਵਾਰ ਸ਼ਾਮਲ ਕੀਤਾ ਗਿਆ ਹੈ। ਨੈਸ਼ਨਲ ਗੇਮਜ਼ ਵਿਚ ਗੱਤਕੇ ਦੇ ਮੁਕਾਬਲੇ 31 ਅਕਤੂਬਰ ਤੋਂ 2 ਨਵੰਬਰ ਤੱਕ ਕਰਵਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਨੂੰ ਕਰਵਾਉਣ ਲਈ ਬਲਜਿੰਦਰ ਸਿੰਘ ਤੂਰ ਨੂੰ ਡਾਇਰੈਕਟਰ ਆਫ ਕੰਪੀਟੀਸ਼ਨ ਨਿਯੁਕਤ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਸਮੁੱਚੇ ਮੈਂਬਰ ਸਹਿਬਾਨ, ਗੱਤਕਾ ਪ੍ਰਮੋਟਰ ਤੇ ਖਿਡਾਰੀਆਂ ਦੀ ਮਿਹਨਤ ਸਦਕਾ ਅੱਜ ਇਹ ਖੇਡ ਭਾਰਤ ਦੀ ਚੋਟੀ ਦੀਆਂ ਖੇਡਾਂ ਵਿੱਚ ਸ਼ਾਮਿਲ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਦੇਸ਼ ਭਰ ਦੀਆਂ 11 ਰਾਜਾਂ ਦੀਆਂ ਟੀਮਾਂ ਭਾਗ ਲੈਣਗੀਆਂ। 19 ਸਾਲ ਤੋਂ ਉੱਪਰ ਉਮਰ ਵਰਗ ਦੇ ਹੋਣ ਵਾਲੇ ਇਨ੍ਹਾਂ ਮੁਕਾਬਲਿਆਂ ਵਿੱਚ 88 ਲੜਕੇ ਤੇ 88 ਲੜਕੀਆਂ ਹਿੱਸਾ ਲੈਣਗੀਆਂ। ਜ਼ਿਕਰਯੋਗ ਹੈ ਕਿ ਫਰਵਰੀ 2023 ਵਿਚ ਮੱਧ ਪ੍ਰਦੇਸ਼ ਦੇ ਮੰਡਲਾ ਸ਼ਹਿਰ 'ਚ ਹੋਈਆਂ ਖੇਡੋ ਇੰਡੀਆ ਗੇਮਜ਼ ਵਿੱਚ ਬਲਜਿੰਦਰ ਸਿੰਘ ਤੂਰ ਬਤੌਰ ਕੰਪੀਟੀਸ਼ਨ ਮੈਨੇਜਰ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ। ਉਨ੍ਹਾ ਦੀ ਮਿਹਨਤ ਤੇ ਕਾਬਲੀਅਤ ਸਦਕਾ ਦੁਬਾਰਾ ਉਨ੍ਹਾਂ ਨੂੰ ਡਾਇਰੈਕਟਰ ਆਫ ਕੰਪੀਟੀਸ਼ਨ ਨਿਯੁਕਤ ਕਰਨਾ ਸਮੁੱਚੇ ਗੱਤਕਾ ਪ੍ਰੇਮੀਆਂ ਲਈ ਮਾਣ ਵਾਲੀ ਗੱਲ ਹੈ। ਉਨ੍ਹਾ ਆਪਣੀ ਨਿਯੁਕਤੀ ਲਈ 'ਦਾ ਵਰਲਡ ਗੱਤਕਾ ਫੈਡਰੇਸ਼ਨ' ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ, ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਹਰਚਰਨ ਸਿੰਘ ਭੁੱਲਰ ਤੇ ਕਾਰਜਕਾਰੀ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਦਾ ਧੰਨਵਾਦ ਕੀਤਾ। ਇਸ ਅਹਿਮ ਨਿਯੁਕਤੀ 'ਤੇ ਮਨਵਿੰਦਰ ਸਿੰਘ ਵਿੱਕੀ, ਰਘੂਬੀਰ ਸਿੰਘ ਡੇਹਲੋਂ, ਜਗਦੀਸ਼ ਸਿੰਘ ਕੁਰਾਲੀ, ਗੁਰਲਾਲ ਸਿੰਘ ਤੇ ਸਮੁੱਚੇ ਮੈਂਬਰਾਂ ਵੱਲੋਂ ਬਲਜਿੰਦਰ ਸਿੰਘ ਤੂਰ ਨੂੰ ਵਧਾਈ ਦਿੱਤੀ ਗਈ।

ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਰੋਸ ਪ੍ਰਦਰਸ਼ਨ ਅੱਜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਵੱਲੋਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਮੰਗਾਂ ਤੇ ਮੁਸ਼ਕਲਾਂ ਨੂੰ ਲੈ ਕੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਦੇ ਮੁੱਖ ਦਫਤਰ ਚੰਡੀਗੜ੍ਹ ਵਿਖੇ ਸੂਬਾ ਪੱਧਰੀ ਰੋਸ ਪ੍ਰਦਰਸਨ 15 ਸਤੰਬਰ ਨੂੰ ਕੀਤਾ ਜਾ ਰਿਹਾ ਹੈ। ਉਪਰੋਕਤ ਜਾਣਕਾਰੀ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਦਿੱਤੀ। ਉਨ੍ਹਾ ਦੱਸਿਆ ਕਿ ਉਹ ਵਾਰ ਵਾਰ ਮਹਿਕਮੇ ਦੇ ਧਿਆਨ 'ਚ ਵਰਕਰਾਂ ਤੇ ਹੈਲਪਰਾਂ ਦੀਆਂ ਮੁਸ਼ਕਲਾਂ ਨੂੰ ਲਿਆ ਚੁੱਕੇ ਹਨ, ਪਰ ਉਨ੍ਹਾਂ ਦਾ ਕੋਈ ਹੱਲ ਨਹੀਂ ਕੀਤਾ ਗਿਆ। ਉਨ੍ਹਾ ਦੱਸਿਆ ਕਿ ਪਹਿਲਾਂ 31 ਜੁਲਾਈ 2023 ਨੂੰ ਨੋਟਿਸ ਦਿੱਤਾ ਸੀ, ਜਦੋਂਕਿ ਦੂਸਰੀ ਵਾਰ 5 ਸਤੰਬਰ 2023 ਨੂੰ ਨੋਟਿਸ ਭੇਜ ਕੇ ਦੋ ਦਿਨ ਦਾ ਸਮਾਂ ਦਿੱਤਾ ਸੀ, ਪਰ ਅੱਜ 10 ਦਿਨ ਬੀਤਣ ਦੇ ਬਾਵਜੂਦ ਸਾਡੀ ਕਿਸੇ ਮੰਗ 'ਤੇ ਕੋਈ ਸੁਣਵਾਈ ਨਹੀਂ ਹੋਈ, ਜਿਸ ਕਰਕੇ ਅੱਜ ਮਜਬੂਰਨ ਦਫਤਰ ਦੇ ਸਾਹਮਣੇ ਧਰਨਾ ਲਗਾਉਣਾ ਪੈ ਰਿਹਾ ਹੈ।

स्वच्छ भारत
एक कदम स्वच्छता की ओर

ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਦੀ ਆਪ ਸਭ ਨੂੰ ਵਧਾਈ

ਨਗਰ ਕੌਂਸਲ ਫਰੀਦਕੋਟ ਵੱਲੋਂ

ਆਪ ਸਭ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਮੌਕੇ ਵਾਤਾਵਰਣ ਦੀ ਸ਼ੁੱਧਤਾ ਨੂੰ ਮੁੱਖ ਰੱਖਦੇ ਹੋਏ

ਅਪੀਲ ਅਪੀਲ

1. ਸਾਰੇ ਲੰਗਰ ਪ੍ਰਬੰਧਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਲੰਗਰ ਵਰਤਾਉਣ ਲਈ ਡਿਸਪੋਜ਼ਲ ਦੀ ਵਰਤੋਂ ਨਾ ਕੀਤੀ ਜਾਵੇ।
2. ਸ਼ਹਿਰ ਵਿੱਚ ਸਰਕਾਰ ਦੇ ਹੁਕਮਾਂ ਅਨੁਸਾਰ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ 'ਤੇ ਮਨਾਹੀ ਹੈ, ਮੇਲੇ ਮੌਕੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਪਲਾਸਟਿਕ ਦੇ ਲਿਫਾਫੇ ਵਿੱਚ ਲੰਗਰ ਪਾ ਕੇ ਦਿੱਤਾ ਜਾਵੇ।
3. ਲੰਗਰ ਲਗਾਉਣ ਮੌਕੇ ਆਸ-ਪਾਸ ਦੀ ਸਫਾਈ ਦਾ ਧਿਆਨ ਰੱਖਿਆ ਜਾਵੇ ਅਤੇ ਲੰਗਰ ਦੀ ਰਹਿੰਦ-ਖੂੰਹਦ ਪਾਉਣ ਲਈ ਵੱਖਰੇ ਬਰਤਨ ਜਾਂ ਡਰੰਮ ਲਗਾਏ ਜਾਣ।
4. ਮੇਲੇ ਮੌਕੇ ਲੱਗਣ ਵਾਲੇ ਆਰਜ਼ੀ ਸਟਾਲ ਅਤੇ ਰੇੜ੍ਹੀਆਂ-ਦੁਕਾਨਾਂ ਵਾਲਿਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਮੇਲੇ ਮੌਕੇ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕੀਤੀ ਜਾਵੇ। ਪਲਾਸਟਿਕ ਦੇ ਲਿਫਾਫੇ ਫੜੇ ਜਾਣ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
5. ਨਗਰ ਕੌਂਸਲ, ਫਰੀਦਕੋਟ ਵੱਲੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਡੇਂਗੂ ਦੀ ਭਰਮਾਰ ਤੋਂ ਬਚਣ ਲਈ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣ ਹਿੱਤ ਆਪਣੇ ਘਰਾਂ ਤੇ ਆਲੇ-ਦੁਆਲੇ ਪਾਣੀ ਨਾ ਖੜਾ ਹੋਣ ਦਿਓ, ਪਾਣੀ

15-Sep-PAGE-8.qxd 9/14/2023 6:26 PM Page 1

ਜਨ ਸੁਣਵਾਈ ਕੈਂਪ ਦੌਰਾਨ ਐੱਸ ਡੀ ਐੱਮ ਨੇ ਲੋਕਾਂ ਦੀਆਂ ਸਮੱਸਿਆਵਾਂ ਕੀਤੀਆਂ ਹੱਲ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵੱਲੋਂ ਆਪਣੇ ਹਲਕੇ ਵਿਚ ਸਾਡਾ ਐਮ ਐਲ ਏ ਸਾਡੇ 'ਚ ਪ੍ਰੋਗਰਾਮ ਤਹਿਤ ਲੋਕਾਂ ਦੀਆਂ ਮੁਸ਼ਕਲਾ ਹੱਲ ਕਰਨ ਲਈ ਕੈਂਪ ਲਗਾਏ ਜਾ ਰਹੇ ਹਨ। ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਹਰ ਵੀਰਵਾਰ ਜਿਲ੍ਹੇ ਦੇ ਕਿਸੇ ਨਾ ਕਿਸੇ ਪਿੰਡ 'ਚ ਜਨ ਸੁਣਵਾਈ ਕੈਂਪ ਲਗਾ ਕੇ ਲੋਕਾਂ ਦੀਆਂ ਮੁਸ਼ਕਲਾ ਦਾ ਹੱਲ ਕਰਨ 'ਤੇ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਲੋੜਵੰਦਾਂ ਤੱਕ ਪਹੁੰਚਾਉਣ ਲਈ ਨਿਰੰਤਰ ਉਪਰਾਲੇ ਕਰ ਰਹੇ ਹਨ।

ਇਸੇ ਕੜੀ ਤਹਿਤ ਦਸਗਰਾਈ, ਬਹਿਲੂ ਤੇ ਖਾਨਪੁਰ ਦਾ ਸਾਝਾ ਜਨ ਸੁਣਵਾਈ ਕੈਂਪ ਲਗਾਇਆ ਗਿਆ। ਜਿਸ 'ਚ ਵੱਖ ਵੱਖ ਵਿਭਾਗਾ ਦੀਆਂ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਵਿਸ਼ੇਸ਼ ਸਟਾਲ ਲਗਾਏ ਗਏ।

ਆਮ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸਨ ਦੇਣਾ ਸਾਡੀ ਜਿੰਮੇਵਾਰੀ ਹੈ। ਲੋਕਾਂ ਦੀਆਂ ਸਮੱਸਿਆਵਾ/ਮੁਸ਼ਕਿਲਾਂ ਦਾ ਹੱਲ ਕਰਨ ਲਈ ਉਨ੍ਹਾਂ ਦੀ ਰਿਹਾਇਸ ਨੇੜੇ ਜਨ ਸੁਣਵਾਈ ਕੈਂਪ ਲਗਾਏ ਜਾ ਰਹੇ ਹਨ।

ਜਿਨ੍ਹਾਂ ਦਾ ਮੰਤਵ ਲੋਕਾਂ ਨੂੰ ਆਪਣੀਆ ਮੁਸ਼ਕਿਲਾਂ ਹੱਲ ਕਰਵਾਉਣ ਲਈ ਦਫਤਰਾਂ ਤੱਕ ਪਹੁੰਚ ਕਰਨ ਦੀ ਬੇਲੋੜੀ ਖੱਜਲ ਖੁਆਰੀ ਖਤਮ ਕਰਨਾ ਹੈ। ਇਹ ਪ੍ਰਗਟਾਵਾ ਮਨਦੀਪ ਸਿੰਘ ਢਿੱਲੋਂ ਉਪ ਮੰਡਲ ਮੈਜਿਸਟ੍ਰੇਟ ਸ੍ਰੀ ਅਨੰਦਪੁਰ ਸਾਹਿਬ ਨੇ ਦਸਗਰਾਈ, ਖਾਨਪੁਰ ਤੇ ਬਹਿਲੂ ਵਿਚ ਲਗਾਏ ਜਨ ਸੁਣਵਾਈ ਕੈਂਪ ਦੌਰਾਨ ਇਲਾਕੇ ਦੇ ਲੋਕਾਂ ਨਾਲ ਵਿਸ਼ੇਸ਼ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਭਵਿੱਖ 'ਚ ਵੀ ਅਜਿਹੇ ਕੈਂਪ ਲੱਗਦੇ ਰਹਿਣਗੇ।

ਇਸ ਮੌਕੇ ਵੱਖ-ਵੱਖ ਵਿਭਾਗਾਂ ਜਿਵੇਂ ਰੋਜਗਾਰ ਵਿਭਾਗ, ਸਿਹਤ ਵਿਭਾਗ, ਸਮਾਜਿਕ ਸੁਰੱਖਿਆ ਵਿਭਾਗ, ਫੂਡ ਸਪਲਾਈ ਅਫਸਰ, ਮਾਲ ਵਿਭਾਗ, ਜਲ ਸਪਲਾਈ ਵਿਭਾਗ, ਹੁਨਰ ਵਿਕਾਸ ਮਿਸਨ ਵਿਭਾਗ ਨਾਲ ਸਬੰਧਿਤ ਯੋਗ ਸਮੱਸਿਆਵਾ ਦਾ ਮੌਕੇ 'ਤੇ ਹੀ ਹੱਲ ਕੀਤਾ ਗਿਆ। ਇਸ ਮੌਕੇ ਨਾਇਬ ਤਹਿਸੀਲਦਾਰ ਵਿਕਾਸਦੀਪ ਸਿੰਘ, ਉਪ ਜਿਲ੍ਹਾ ਸਿੱਖਿਆ ਅਫਸਰ ਰੰਜਨਾ ਕਟਿਆਲ, ਸੀ.ਡੀ.ਪੀ.ਓ ਜਗਮੋਹਨ ਕੌਰ, ਬਾਗਬਾਨੀ ਅਫਸਰ ਭਾਰਤ ਭੂਸ਼ਣ, ਸਕੱਤਰ ਮਾਰਕੀਟ ਕਮੇਟੀ ਸੁਰਿੰਦਰਪਾਲ ਸਿੰਘ, ਕਾ.ਸੀਨੀ.ਮੈਡੀ.ਅਫਸਰ ਡਾ.ਜੰਗਜੀਤ ਸਿੰਘ ਤੇ ਵੱਖ ਵੱਖ ਵਿਭਾਗਾ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

ਬ੍ਰਹਮ ਸ਼ੰਕਰ ਜਿੰਪਾ ਦੀ ਕੋਠੀ ਅੱਗੇ ਰੋਸ ਧਰਨਾ ਜਾਰੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਤੀਜੇ ਦਿਨ ਕੈਬਿਨੇਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਦੇ ਘਰ ਦੇ ਅੱਗੇ ਕਿਸਾਨਾਂ ਦਾ ਧਰਨਾ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸਦੇ 'ਤੇ ਪੂਰਨ ਕੀਤਾ ਗਿਆ। ਇਸ 'ਚ ਵੱਡੇ ਪੱਧਰ 'ਤੇ ਕਿਸਾਨ ਅਤੇ ਕਿਸਾਨ ਬੀਬੀਆਂ ਨੇ ਹਿੱਸਾ ਲਿਆ। ਬ੍ਰਹਮ ਸ਼ੰਕਰ ਜਿੰਪਾ ਨੇ ਘਰ ਤੋਂ ਬਾਹਰ ਆ ਕੇ ਕਿਸਾਨਾਂ ਦੀ ਸਾਰ ਨਹੀਂ ਲਈ। ਉਹ ਇਹ ਗੱਲ ਭੁੱਲ ਗਏ ਹਨ ਜੇ ਤੁਹਾਨੂੰ ਪੌੜੀ 'ਤੇ ਚੜ੍ਹਾ ਸਕਦੇ ਹਨ, ਲੋਕਾਂ ਨੂੰ ਲਾਉਣੇ ਵੀ ਆਉਂਦੇ ਹਨ। ਜੇ ਸਰਕਾਰ ਨੇ ਕਿਸਾਨਾਂ ਵਲੋਂ ਰੱਖੀਆਂ ਹੜ੍ਹ ਪੀੜਿਤਾਂ ਬਾਰੇ ਮੰਗਾਂ ਜਲਦੀ ਨਾ ਮੰਨੀਆ ਤਾਂ ਸੰਯੁਕਤ ਕਿਸਾਨ ਮੋਰਚੇ ਨੂੰ ਤਿੱਖਾ ਸੰਘਰਸ਼ ਕਰਨ ਦਾ ਫੈਸਲਾ ਕਰਨਾ ਕਰਨਾ ਪਵੇਗਾ। ਅੱਜ ਦਾ ਧਰਨਾ ਹਰਬੰਸ ਸਿੰਘ ਸੰਘਾ, ਚੈਂਚਲ ਸਿੰਘ ਪੰਮਾਂ, ਦਵਿੰਦਰ ਸਿੰਘ ਕੱਕੋਂ, ਇਕਬਾਲ ਸਿੰਘ ਸਰਪੰਚ, ਭੁਪਿੰਦਰ ਸਿੰਘ ਭੂੰਗਾ ਅਤੇ ਅਵਤਾਰ ਸਿੰਘ ਪਲਾਕੀ ਦੀ ਪ੍ਰਧਾਨਗੀ 'ਚ ਹੋਇਆ। ਜੰਗਵੀਰ ਸਿੰਘ ਚੌਹਾਨ ਦੀ ਅਗਵਾਈ ਵਿੱਚ ਇਨ੍ਹਾਂ ਦੀ ਜੱਥੇਬੰਦੀ ਦੇ ਗੁਰਦੀਪ ਸਿੰਘ ਹਾਜੀਪੁਰ, ਅਮਰੀਕ ਸਿੰਘ ਪਠਾਨਕੋਟ, ਅਵਤਾਰ ਸਿੰਘ ਪਲਾਕੀ ਅਤੇ ਮੰਨਪ੍ਰੀਤ ਲਾਡਾ ਉਚੀ ਬੱਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਧਰਨੇ 'ਚ ਗੁਰਮੇਸ਼ ਸਿੰਘ ਏ.ਆਈ.ਏ.ਡਬਲਯੂ.ਯੂ, ਗੁਰਬਖਸ਼ ਸਿੰਘ ਸੂਸ ਏ.ਆਈ.ਕੇ.ਓ. ਹਰਬੰਸ ਸਿੰਘ ਸੰਘਾ ਕਿਸਾਨ ਕਮੇਟੀ ਦੋਆਬਾ, ਦਵਿੰਦਰ ਕੱਕੋਂ, ਜਮਹੂਰੀ ਕਿਸਾਨ ਸਭਾ, ਇਕਬਾਲ ਸਿੰਘ ਢੱਡੇ ਬੀ.ਕੇ.ਯੂ ਦੋਆਬਾ, ਭੁਪਿੰਦਰ ਸਿੰਘ ਭੂਰਾ ਕਿਰਤੀ ਕਿਸਾਨ ਯੂਨੀਅਨ ਅਤੇ ਅਵਤਾਰ ਸਿੰਘ ਪਲਾਕੀ ਦੋਆਬਾ ਕਿਸਾਨ ਕਮੇਟੀ ਪੰਜਾਬ ਨੇ ਸੰਬੋਧਨ ਕੀਤਾ ਅਤੇ ਸ੍ਰੀ ਜੰਗਵੀਰ ਸਿੰਘ ਚੌਹਾਨ ਨੇ ਵੀ ਸੰਬੋਧਨ ਕੀਤਾ।

ਹਿੰਦੀ ਦਿਵਸ ਦੇ ਮੌਕੇ ਸਿਲਵਰ ਓਕ ਸਕੂਲ 'ਚ ਬੱਚਿਆਂ ਵੱਲੋਂ ਵੱਖ-ਵੱਖ ਗਤੀਵਿਧੀਆਂ

ਟਾਂਡਾ ਉੜਮੁੜ, (ਉਕਾਰ ਸਿੰਘ, ਜਸਵਿੰਦਰ ਸੰਧੂ) - ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ, ਸ਼ਾਹਬਾਜਪੁਰ ਵਿਖੇ ਹਿੰਦੀ ਦਿਵਸ ਬੜੇ ਸਤਿਕਾਰ ਨਾਲ ਮਨਾਇਆ ਗਿਆ। ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਹੇਠ ਅਲੱਗ-ਅਲੱਗ ਕਲਾਸਾਂ ਦੇ ਬੱਚਿਆਂ ਨੇ ਖਾਸ ਸਭਾ ਦਾ ਮੰਚਨ ਕੀਤਾ। ਇਸ ਸਭਾ ਦੀ ਖਾਸ ਗੱਲ ਇਹ ਸੀ ਕਿ ਇਹ ਪੂਰੀ ਸਭਾ ਹਿੰਦੀ ਭਾਸ਼ਾ ਨੂੰ ਲੈ ਕੇ ਤਿਆਰ ਕੀਤੀ ਗਈ ਸੀ। ਬੱਚਿਆਂ ਨੇ ਹਿੰਦੀ ਭਾਸ਼ਾ ਦੇ ਅਧਿਆਪਕਾ ਰਜਮੀਤ ਕੌਰ ਦੀ ਅਗਵਾਈ 'ਚ ਆਪਣੇ ਭਾਸ਼ਣ ਅਤੇ ਗਤੀਵਿਧੀਆਂ ਸ਼ੁੱਧ ਹਿੰਦੀ 'ਚ ਤਿਆਰ ਕੀਤੇ ਹੋਏ ਸਨ। ਹਿੰਦੀ ਦਿਵਸ ਦੇ ਚੱਲਦਿਆਂ ਕਰਵਾਏ ਸਮਾਗਮ ਦੀ ਸਮੀਖਿਆ ਕਰਦਿਆਂ ਜਿੱਥੇ ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਦੁਆਰਾ ਤਿਆਰ ਕੀਤੀਆਂ ਹੋਈਆਂ ਗਤੀਵਿਧੀਆਂ ਦੀ ਸ਼ਲਾਘਾ ਕੀਤੀ ਗਈ। ਉੱਥੇ ਹੀ ਅਧਿਆਪਕਾ ਰਜਮੀਤ ਕੌਰ ਵੱਲੋਂ ਬੱਚਿਆਂ ਨੂੰ ਹਿੰਦੀ ਦੇ ਇਤਿਹਾਸ ਅਤੇ ਮਹੱਤਵ ਤੋਂ ਜਾਣੂ ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਮਨੀਸ਼ਾ ਸੰਗਰ ਨੇ ਦੱਸਿਆ ਸਾਡੇ ਦੇਸ਼ 'ਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਵਿੱਚ ਹਿੰਦੀ ਨੂੰ ਬੜੀ ਸਤਿਕਾਰਕ ਭਾਸ਼ਾ ਦੇ ਤੌਰ 'ਤੇ ਮੰਨਿਆ ਜਾਂਦਾ ਹੈ। ਸਕੂਲ ਦੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ ਨੇ ਵੀ ਇਸ ਮੌਕੇ ਸਮੂਹ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਗੁਰਪ੍ਰੀਤ ਕੌਰ, ਵਿਸ਼ਾਲੀ, ਰਾਜਵਿੰਦਰ ਕੌਰ, ਰਾਜਬੀਰ ਕੌਰ, ਪਰਮਜੀਤ, ਬਲਜੀਤ ਕੌਰ, ਸੁਮਿਤ ਕੌਰ, ਨੀਨਾ, ਵੀਨਾ, ਹਰਜੀਤ, ਮਮਤਾ ਅਤੇ ਬਾਕੀ ਸਟਾਫ਼ ਵੀ ਮੌਜੂਦ ਸੀ।

ਮੋਦੀ ਦੇ ਜਨਮ ਦਿਨ ਨੂੰ ਸਮਰਪਤ ਮੈਡੀਕਲ ਜਾਂਚ ਕੈਂਪ

ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)-ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਸਮਾਜ ਸੇਵੀ ਸੰਸਥਾ ਪਹਿਲਾਂ ਇਨਸਾਨੀਅਤ ਦੇ ਮੁਖੀ ਅਜੈਵੀਰ ਸਿੰਘ ਲਾਲਪੁਰਾ ਵਲੋਂ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਇੱਥੇ ਦਾਣਾ ਮੰਡੀ ਵਿਖੇ ਵਿਸਾਲ ਕੈਂਸਰ ਕੇਅਰ, ਮੈਡੀਕਲ ਜਾਂਚ ਅਤੇ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਅਜੈਵੀਰ ਸਿੰਘ ਲਾਲਪੁਰਾ ਕੀਤਾ । ਉਨ੍ਹਾਂ ਦੱਸਿਆ ਕਿ ਇਹ ਕੈਂਪ ਗਲੋਬਲ ਪੰਜਾਬੀ ਐਸੋਸੀਏਸ਼ਨ ਦੇ ਚੀਫ ਪੈਟਰਨ ਤੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਅਤੇ ਐਸੋਸੀਏਸ਼ਨ ਦੇ ਪ੍ਰਧਾਨ ਡਾ. ਕੁਲਵੰਤ ਸਿੰਘ ਧਾਲੀਵਾਲ ਦੀ ਪ੍ਰੇਰਨਾ ਸਦਕਾ ਲਗਾਇਆ ਗਿਆ।

ਕੈਂਪ ਇੰਚਾਰਜ ਪਰਮਜੀਤ ਸਿੰਘ ਅਤੇ ਮੀਤ ਪ੍ਰਧਾਨ ਜਤਿੰਦਰਪਾਲ ਸਿੰਘ ਨਨੂੰਆ ਨੇ ਦੱਸਿਆ ਕਿ ਮਰੀਜ਼ਾਂ ਦੀ ਜਾਂਚ ਕਰਨ ਲਈ ਡਾਕਟਰਾਂ ਅਤੇ ਪੈਰਾਮੈਡੀਕਲ ਸਟਾਫ ਦੀ ਟੀਮ ਵੱਲੋਂ ਡਾ ਧਰਮਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ 600 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ। ਡਾ. ਢਿੱਲੋਂ ਨੇ ਦੱਸਿਆ ਕਿ ਅੱਜ ਦੇ ਕੈਂਪ ਵਿਚ 12 ਦਾ ਮੈਮੋ, 29 ਦਾ ਬਰੈੱਸਟ ਆਈ ਸਕੈਨ, 5 ਦਾ ਪੈਪ ਸਮੀਅਰ, 56 ਦਾ ਪੀ ਐਸ ਏ, 49 ਦਾ ਸੀ ਬੀ ਸੀ, 172 ਦੀ ਓਰਲ ਜਾਂਚ, 9 ਦਾ ਤੰਬਾਕੂ ਕਾਰਨ ਸਮੱਸਿਆਵਾਂ, 10 ਦੀ ਓਰਲ ਫਾਇਡਿੰਗ, 375 ਦਾ ਬੀ ਐਮ ਡੀ, 320 ਦਾ ਲੋਅ ਬੀ ਐਮ ਡੀ, 562 ਦਾ ਬੀ ਪੀ ਸ਼ੂਗਰ, 74 ਹਾਈ ਸ਼ੂਗਰ, 28 ਨਵੇਂ ਸ਼ੂਗਰ ਕੇਸ ਜਾਂਚ, 225 ਅੱਖਾਂ ਦੀ ਜਾਂਚ ਟੈੱਸਟ ਕੀਤੇ ਗਏ। ਇਸ ਤੋਂ ਇਲਾਵਾ 191 ਮਰੀਜ਼ਾਂ ਨੂੰ ਮੁਫਤ ਐਨਕਾਂ ਵੀ ਵੰਡੀਆਂ ਗਈਆਂ। ਇਸ ਮੌਕੇ ਹਰਨੇਕ ਸਿੰਘ, ਸੁਪਿੰਦਰ ਸਿੰਘ , ਅਭੀਸ਼ੇਕ ਅਗਨੀਹੋਤਰੀ, ਸੰਦੀਪ ਸਿੰਘ ਰਾਣਾ, ਰਾਕੇਸ਼ ਸਹਿਦੇਵ, ਪ੍ਰਵੇਸ਼ ਗੋਇਲ, ਰਾਮ ਪਿਆਰਾ, ਆੜ੍ਹਤੀ ਤਰਲੋਚਨ ਸਿੰਘ, ਮਲਕੀਤ ਸਿੰਘ ਅਤੇ ਆੜ੍ਹਤੀ ਨੈਬ ਸਿੰਘ ਆਦਿ ਹਾਜ਼ਰ ਸਨ ।

ਮੁੰਡੀਆਂ ਦੇ ਸਰਕਾਰੀ ਮਿਡਲ ਸਕੂਲ 'ਚ ਹਿੰਦੀ ਭਾਸ਼ਾ ਦਿਵਸ ਮਨਾਇਆ

ਮੋਰਿੰਡਾ (ਜੈਜੀ ਸਰਦਾਰ) ਸਰਕਾਰੀ ਮਿਡਲ ਸਕੂਲ ਮੁੰਡੀਆਂ ਵਿਖੇ ਰਾਸ਼ਟਰੀ ਹਿੰਦੀ ਭਾਸ਼ਾ ਦਿਵਸ ਮਨਾਇਆ ਗਿਆ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਕੂਲ ਮੁਖੀ ਸ਼ਿਵਾਲੀ ਸ਼ਰਮਾ ਨੇ ਦੱਸਿਆ ਕਿ ਸਕੂਲ ਦੇ ਹਿੰਦੀ ਅਧਿਆਪਕਾ ਡਾਕਟਰ ਦਲਜੀਤ ਰਾਣੀ ਦੀ ਅਗਵਾਈ ਹੇਠ ਬੱਚਿਆਂ ਨੇ ਹਿੰਦੀ ਵਿਸ਼ੇ ਦੀਆਂ ਕਵਿਤਾਵਾਂ, ਗੀਤ, ਭਾਸ਼ਣ ਅਤੇ ਪੋਸਟਰ ਮੁਕਾਬਲੇ ਕਰਵਾਏ ਗਏ। ਡਾਕਟਰ ਦਲਜੀਤ ਰਾਣੀ ਨੇ ਕਿਹਾ ਕਿ ਹਿੰਦੀ ਇੱਕ ਅਜਿਹੀ ਭਾਸ਼ਾ ਹੈ, ਜਿਹੜੀ ਪੂਰੇ ਭਾਰਤ 'ਚ ਸਭ ਤੋਂ ਵੱਧ ਰਾਜਾਂ 'ਚ ਬੋਲੀ ਜਾਂਦੀ ਹੈ। ਇਸ ਭਾਸ਼ਾ 'ਚ ਭਾਰਤ ਦਾ ਬਹੁਤ ਸਾਰਾ ਸਾਹਿਤ ਲਿਖਿਆ ਗਿਆ ਹੈ। ਇਸ ਮੌਕੇ ਸਕੂਲ ਦੇ ਅਧਿਆਪਕ ਜਸਬੀਰ ਸਿੰਘ ਸਾਂਤਪੁਰੀ ਨੇ ਬੱਚਿਆਂ ਨੂੰ ਉਤਸਾਹਿਤ ਕਰਦੇ ਹੋਏ ਕਿਹਾ ਕਿ ਸਾਨੂੰ ਹਿੰਦੀ ਭਾਸਾ ਬਾਰੇ ਵੱਧ ਤੋਂ ਵੱਧ ਗਿਆਨ ਹਾਸਲ ਕਰਨਾ ਚਾਹੀਦਾ ਹੈ।

ਇਸ ਮੌਕੇ ਮਨਦੀਪ ਕੌਰ, ਜਗਜੀਤ ਸਿੰਘ ਢੰਗਰਾਲੀ, ਰਣਜੀਤ ਕੌਰ ਸਾਬਕਾ ਪੰਚ ਅਤੇ ਸਰਬਜੀਤ ਕੌਰ ਅਰਨੌਲੀ ਆਦਿ ਹਾਜ਼ਰ ਸਨ।

ਸਿਵਲ ਹਸਪਤਾਲ ਟਾਂਡਾ ਵਿਖੇ ਆਯੂਸ਼ਮਾਨ ਭਵ ਸਕੀਮ ਦੀ ਸ਼ੁਰੂਆਤ : ਡਾ. ਕਰਨ ਸੈਣੀ

ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)-ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਡਾ: ਕਰਨ ਕੁਮਾਰ ਸੈਣੀ ਦੀ ਯੋਗ ਅਗਵਾਈ ਹੇਠ ਇੱਕ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਦੇ ਪਿਤਾ ਮਾਸਟਰ ਮਹਿੰਦਰ ਸਿੰਘ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉਹਨਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਦਾ ਸੁਪਨਾ ਤਾਂ ਹੀ ਪੂਰਾ ਹੋ ਸਕਦਾ ਹੈ , ਜੇਕਰ ਅਸੀਂ ਸਾਰੇ ਰਲ ਕੇ ਨਸ਼ਿਆਂ ਦੇ ਖਾਤਮੇ ਲਈ ਹਮਲਾ ਮਾਰੀਏ ਤਾਂ ਕਿ ਸਾਡੀ ਭਵਿੱਖ ਦੀ ਪੀੜ੍ਹੀ ਨਿਰੋਗ ਅਤੇ ਰਿਸ਼ਟ ਪੁਸ਼ਟ ਬਣ ਸਕੇ। ਇਸ ਮੌਕੇ ਬੁਲਾਰਿਆਂ ਨੇ ਵੱਖ-ਵੱਖ ਸਿਹਤ ਸਹੂਲਤਾਂ ਸਬੰਧੀ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ । ਡਾ. ਕਰਨ ਕੁਮਾਰ ਸੈਣੀ ਨੇ ਦੱਸਿਆ ਦੱਸਿਆ ਕਿ 17 ਸਤੰਬਰ ਤੋਂ 02 ਅਕਤੂਬਰ ਤੱਕ ਸੇਵਾ ਪਖਵਾੜੇ ਦੌਰਾਨ ਵੱਖ-ਵੱਖ ਹੈਲਥ ਐਂਡ ਵੈੱਲਨੈੱਸ ਸੈਂਟਰਾਂ 'ਚ ਹਰ ਹਫਤੇ ਸਿਹਤ ਮੇਲੇ ਲਗਾਏ ਜਾਣਗੇ, ਜਿਨ੍ਹਾਂ 'ਚ ਟੀ.ਬੀ ਸਕਰੀਨਿੰਗ, ਐਨ.ਸੀ.ਡੀ ਸਕਰੀਨਿੰਗ, ਨਿਊਟ੍ਰਿਸ਼ਨ, ਸਾਫ ਸਫਾਈ , ਬਲੱਡ ਡੋਨੇਸ਼ਨ ਕੈਂਪ, ਆਈ ਡੋਨੇਸ਼ਨ ਕੈਂਪ ਲਗਾਏ ਜਾਣਗੇ ਅਤੇ ਹੋਰ ਵੱਖ-ਵੱਖ ਸਿਹਤ ਸਹੂਲਤਾਂ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਉਹਨਾਂ ਦੱਸਿਆ ਕਿ ਇਸ ਪ੍ਰੋਗਰਾਮ ਦਾ ਹੋਰ ਮਕਸਦ ਆਯੂਸ਼ਮਾਨ ਆਪਕੇ ਦਵਾਰ, ਜਿਸ 'ਚ ਯੋਗ ਲਾਭਪਾਤਰੀਆਂ ਨੂੰ ਆਯੂਸ਼ਮਾਨ ਕਾਰਡ ਵੰਡੇ ਜਾਣਗੇ। ਇਸ ਮੌਕੇ ਜਤਿੰਦਰ ਸਿੰਘ ਮ.ਪ.ਹ.ਸ ਅਤੇ ਬਲਰਾਜ ਸਿੰਘ ਸੀਨੀਅਰ ਫਾਰਮੇਸੀ ਅਫਸਰ ਨੇ

ਆਯੂਸ਼ਮਾਨ ਕਾਰਡ ਬਨਾਉਣ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਨੇਤਰਦਾਨ ਕੈਂਪ ਦੌਰਾਨ ਬਲਜੀਤ ਸਿੰਘ, ਲਖਨਪਾਲ ਸਿੰਘ, ਰਵਿੰਦਰ ਸਿੰਘ, ਹਰਜਿੰਦਰ ਸਿੰਘ ਵਲੋਂ ਅੱਖਾਂ ਦਾਨ ਕਰਨ ਦੇ ਫਾਰਮ ਵੀ ਭਰੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਦਵਿੰਦਰ ਸਿੰਘ ਮਸੀਤੀ ਆਈ ਡੋਨਰ ਇੰਚਾਰਜ ਟਾਂਡਾ ,ਡਾ: ਬਲਜੀਤ ਕੌਰ, ਡਾ: ਪ੍ਰੀਤ ਕਮਲ ਕੌਰ, ਡਾ: ਸ਼ਗੁਨ, ਡਾ: ਹਰਪ੍ਰੀਤ ਸਿੰਘ, ਡਾ: ਇੰਦਰਜੀਤ ਸੋਨੀਆ, ਡਾ: ਵਿਕਰਮਜੀਤ ਸਿੰਘ, ਅਵਤਾਰ ਸਿੰਘ ਬੀ.ਈ.ਈ, ਕੁਲਵੀਰ ਸਿੰਘ , ਗੁਰਜੀਤ ਸਿੰਘ,ਰੰਜੀਵਪਾਲ ਸਿੰਘ ਅਤੇ ਹੋਰ ਸਟਾਫ ਹਾਜ਼ਰ ਸਨ।

ਆਸ਼ਾ ਵਰਕਰਾਂ ਨੂੰ ਆਯੂਸ਼ਮਾਨ ਭਵ ਸੰਬੰਧੀ ਕਰਵਾਈ ਟ੍ਰੇਨਿੰਗ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸਾਂ ਤਹਿਤ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਬਲਾਕ ਦੇ ਫੀਲਡ ਸਟਾਫ ਅਤੇ ਆਸ਼ਾ ਵਰਕਰਾਂ ਨੂੰ ਆਯੂਸ਼ਮਾਨ ਭਵ ਤਹਿਤ ਜੋਂ

15-Sep-PAGE-9.qxd 9/14/2023 6:26 PM Page 1

ਦੇਸ਼ ਦੇ ਹਜ਼ਾਰਾਂ ਅਧਿਆਪਕਾਂ ਵੱਲੋਂ ਜੰਤਰ ਮੰਤਰ 'ਤੇ ਸਮੂਹਿਕ ਧਰਨਾ ਪ੍ਰਦਰਸ਼ਨ

ਦਿੱਲੀ (ਰਾਜੇਸ਼ ਥਾਪਾ) -ਜੰਤਰ-ਮੰਤਰ ਦਿੱਲੀ ਵਿਖੇ ਜੁਆਇੰਟ ਫੋਰਮ ਫਾਰ ਮੂਵਮੈਂਟ ਆਨ ਐਜੂਕੇਸ਼ਨ ਦੇ ਸੱਦੇ 'ਤੇ ਪੂਰੇ ਦੇਸ਼ ਤੋਂ ਹਜ਼ਾਰਾਂ ਸਕੂਲ, ਕਾਲਜ, ਯੂਨੀਵਰਸਿਟੀ ਅਧਿਆਪਕਾਂ ਨੇ ਕੇਂਦਰ ਦੀ ਮੋਦੀ ਸਰਕਾਰ ਖਿਲਾਫ ਨਾਅਰਿਆਂ ਦੀ ਗੂੰਜ ਨਾਲ ਪ੍ਰਦਰਸ਼ਨ ਕੀਤਾ। ਉਨ੍ਹਾਂ ਨਵੀਂ ਸਿੱਖਿਆ ਨੀਤੀ ਵਾਪਸ ਲੈਣ, ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਚੇ ਅਤੇ ਠੇਕੇ ਵਾਲੇ ਅਧਿਆਪਕ ਪੱਕੇ ਕਰਨ, ਸਿੱਖਿਆ ਉੱਪਰ ਕੁੱਲ ਘਰੇਲੂ ਉਤਪਾਦ ਦਾ ਦਸ ਪ੍ਰਤੀਸ਼ਤ ਖਰਚ ਕਰਨ, ਤਾਲੇਬੰਦ ਕੀਤੇ ਸਕੂਲ ਕਾਲਜ ਮੁੜ ਤੋਂ ਖੋਲ੍ਹਣ, ਦਲਿਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਵਜ਼ੀਫੇ ਬਹਾਲ ਕਰਨ, ਗੈਰ ਸਹਾਇਤਾ ਪ੍ਰਾਪਤ ਸਿੱਖਿਆ ਸੰਸਥਾਵਾਂ ਸਰਕਾਰੀ ਸਹਾਇਤਾ ਅਧੀਨ ਲਿਆਉਣ, ਅਧਿਆਪਕਾਂ ਨੂੰ ਪੂਰੀਆਂ ਤਨਖਾਹਾਂ ਦੇਣ ਅਤੇ ਧਰਮ ਨਿਰਪੱਖ, ਜਮਹੂਰੀ ਅਤੇ ਵਿਗਿਆਨਕ ਸਿਧਾਂਤਾਂ ਤੇ ਸਭ ਲਈ ਇੱਕੋ ਜਿਹੀ ਸਿੱਖਿਆ ਦੇ ਪਸਾਰ ਕਰਨ ਦੀ ਪਰਜ਼ੋਰ ਅਵਾਜ਼ ਬਲੰਦ ਕਰਦਿਆਂ ਮੰਗ ਕੀਤੀ। ਸਕੂਲ ਟੀਚਰਜ਼ ਫੈਡਰੇਸਨ ਆਫ ਇੰਡੀਆ ਦੇ ਪ੍ਰਮੁੱਖ ਆਗੂਆਂ ਸੀ ਐਨ ਭਾਰਤੀ, ਕੇ ਸੀ ਹਰੀਕ੍ਰਿਸ਼ਨਨ, ਸੁਰਿੰਦਰ ਕੰਬੋਜ, ਮਹਾਂਵੀਰ ਸਿੰਘ ਸਿਹਾਗ, ਪ੍ਰਕਾਸ਼ ਮੋਹੰਤੀ, ਸ਼ਿਵਰਾਜਨ, ਧਰਮਿੰਦਰ ਢਾਂਡਾ ਨੇ ਮੰਗ ਕੀਤੀ ਕਿ ਅੱਜ ਦੇਸ਼ ਦੇ ਬਹੁਭਾਂਤੀ ਸੱਭਿਆਚਾਰ, ਧਰਮਾਂ, ਭਾਸ਼ਾਵਾਂ, ਅਤੇ ਸੰਸਕ੍ਰਿਤਕ ਪਛਾਣ ਨੂੰ ਬਚਾਉਂਦਿਆਂ ਲੋਕਤੰਤਰ ਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਇਸ ਦੇ ਨਾਲ ਨਾਲ ਯੂਨੀਵਰਸਿਟੀਆਂ ਅਤੇ ਪ੍ਰਮੁੱਖ ਸਿੱਖਿਆ ਸੰਸਥਾਵਾਂ ਵਿੱਚ ਅਕਾਦਮਿਕ ਪ੍ਰਭੂਸੱਤਾ ਅਤੇ ਲੋਕਤੰਤਰੀ ਕਦਰਾਂ ਕੀਮਤਾਂ ਅਤੇ ਚੋਣਾਂ ਦੀ ਮਹੱਤਤਾ ਨੂੰ ਕਾਇਮ ਰੱਖਿਆ ਜਾਵੇ। ਪੂਰੇ ਦੇਸ਼ ਦਿਆਂ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਪੂਰੀਆਂ ਤਨਖਾਹਾਂ 'ਤੇ ਰੈਗੂਲਰ ਭਰਤੀ ਹੋਣੀ ਚਾਹੀਦੀ ਹੈ ।ਅੱਜ ਦੇ ਇਸ ਧਰਨੇ ਵਿੱਚ ਪੰਜਾਬ, ਹਰਿਆਣਾ, ਰਾਜਸਥਾਨ ਤੋਂ ਸਕੂਲ ਟੀਚਰਜ਼ ਫੈਡਰੇਸ਼ਨ ਦੇ ਵੱਡੀ ਗਿਣਤੀ ਵਿਚ ਅਧਿਆਪਕਾਂ ਨੇ ਹਿੱਸਾ ਲਿਆ। ਪੰਜਾਬ ਤੋਂ ਪ੍ਰਧਾਨ ਨਵਪ੍ਰੀਤ ਬੱਲੀ ਦੀ ਅਗਵਾਈ ਵਿੱਚ ਸੋਮ ਸਿੰਘ, ਐਨ ਡੀ ਤਿਵਾੜੀ, ਕੰਵਲਜੀਤ ਸੰਗੋਵਾਲ, ਸੁੱਚਾ ਸਿੰਘ ਚਾਹਲ, ਰਸਮਿੰਦਰ ਪਾਲ ਸੋਨੂੰ,ਗੁਰਮੀਤ ਸਿੰਘ ਖਾਲਸਾ, ਰੋਸ਼ਮ ਸਿੰਘ ਕੰਪਿਊਟਰ ਫੈਕਲਟੀ, ਕਮਲ ਕੁਮਾਰ, ਅਸ਼ਵਨੀ ਕੁਮਾਰ, ਮਨਿੰਦਰਪਾਲ ਸਿੰਘ, ਆਦਿ ਵੱਡੀ ਗਿਣਤੀ ਵਿਚ ਹੋਰਨਾਂ ਸਮੇਤ ਹਾਜ਼ਰ ਹੋਏ। ਇਸ ਮੌਕੇ ਸਕੂਲ ਟੀਚਰਜ਼ ਫੈਡਰੇਸ਼ਨ ਆਫ ਇੰਡੀਆ ਦੇ ਸਕੱਤਰ ਜਨਰਲ ਸੀ.ਐਨ ਭਾਰਤੀ ਅਤੇ ਕੇਂਦਰੀ ਕਮੇਟੀ ਮੈਂਬਰਾਂ ਨੇ ਸ਼ੋਕ ਸੰਦੇਸ਼ ਰਾਹੀਂ ਪੰਜਾਬ ਦੇ ਸਾਬਕਾ ਪ੍ਰਮੁੱਖ ਆਗੂ ਸਾਥੀ ਜਰਨੈਲ ਸਿੰਘ ਮਿੱਠੇਵਾਲ ਦੇ ਬੇਵਕਤ ਵਿਛੋੜੇ ਉਪਰ ਜੀ ਟੀ ਯੂ ਪੰਜਾਬ ਵਿਗਿਆਨਕ ਅਤੇ ਪਰਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ।

ਨਫ਼ਰਤ ਭਰੇ ਭਾਸ਼ਣ ਦੇਣ ਤੇ ਹਥਿਆਰਾਂ ਦੀ ਪ੍ਰਦਰਸ਼ਨੀ 'ਤੇ ਪੂਰਨ ਪਾਬੰਦੀ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ) ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਕੋਈ ਵੀ ਵਿਅਕਤੀ / ਸਮਾਜਿਕ ਜਾਂ ਧਾਰਮਿਕ ਜਥੇਬੰਦੀ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਨਾ ਦੇਵੇ ਜਾਂ ਸੂਗ ਬੋਲੀ ਦੀ ਵਰਤੋਂ ਨਾ ਕਰੇ। ਅਜਿਹਾ ਕਰਨ ਦੀ ਸੂਰਤ ਵਿਚ ਸਬੰਧਤ / ਉਲੰਘਣਾ ਕਰਨ ਵਾਲੇ ਵਿਅਕਤੀ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੋਈ ਵੀ ਵਿਅਕਤੀ ਜਨਤਕ ਇਕੱਠ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਨਹੀਂ ਚੱਲੇਗਾ ਅਤੇ ਹਥਿਆਰਾਂ ਦੀ ਜਨਤਕ/ਸੋਸ਼ਲ ਮੀਡਆ ਰਾਹੀਂ ਪ੍ਰਦਰਸ਼ਨੀ 'ਤੇ ਪੂਰਨ ਪਾਬੰਦੀ ਹਵੇਗੀ ਅਤੇ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਅਜਿਹਾ ਕਰਨ ਦੀ ਸੂਰਤ ਵਿਚ ਸਬੰਧਤ/ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਹੁਕਮ 8 ਨਵੰਬਰ 2023 ਤੱਕ ਲਾਗੂ ਰਹਿਣਗੇ।

24 ਨੂੰ ਸਥਾਨਕ ਸਰਕਾਰਾਂ ਮੰਤਰੀ ਦੀ ਰਿਹਾਇਸ਼ ਦੇ ਘਿਰਾਓ 'ਚ ਸ਼ਾਮਲ ਹੋਣ ਦਾ ਐਲਾਨ

ਫਗਵਾੜਾ (ਜਸਵਿੰਦਰ ਢੱਡਾ)- ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫਗਵਾੜਾ ਦੀ ਮੀਟਿੰਗ ਟਾਊਨ ਹਾਲ ਫਗਵਾੜਾ ਦੇ ਸਾਹਮਣੇ ਪਾਰਕ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦਿਆਂ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਦੱਸਿਆ ਕਿ ਮੀਟਿੰਗ ਦੇ ਸ਼ੁਰੂ ਵਿੱਚ ਸਦੀਵੀ ਵਿਛੋੜਾ ਦੇ ਗਏ ਮੈਂਬਰਾਂ ਸੁਰਜੀਤ ਕੌਰ, ਪ੍ਰਿੰਸੀਪਲ ਤਰਸੇਮ ਅਹੀਰ ਅਤੇ ਸਾਥੀ ਹਰਜਿੰਦਰ ਸਿੰਘ ਸਹੋਤਾ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ ਅਤੇ ਉਨ੍ਹਾਂ ਦੇ ਪਰਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੂਜੇ ਮਤੇ ਰਾਹੀਂ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਮੰਨਵਾਉਣ ਲਈ ਚੱਲ ਰਹੇ ਸੰਘਰਸ਼ਾਂ ਨੂੰ ਕੁਚਲਣ ਲਈ ਪੰਜਾਬ ਸਰਕਾਰ ਵੱਲੋਂ ਲਗਾਏ ਐਸਮਾ ਕਾਨੂੰਨ ਦੀ ਤਿੱਖੀ ਨਿਖੇਧੀ ਕਰਦੇ ਹੋਏ ਇਸ ਕਾਨੂੰਨ ਨੂੰ ਰੱਦ ਕਰਨ ਦੀ ਮੰਗ ਕਰਦੇ ਹੋਏ ਪੰਜਾਬ ਸਰਕਾਰ ਤੋਂ ਜ਼ੋਰਦਾਰ ਢੰਗ ਨਾਲ ਮੰਗ ਕੀਤੀ ਕਿ ਸੰਘਰਸ਼ਸ਼ੀਲ ਮੁਲਾਜ਼ਮ ਜਥੇਬੰਦੀਆਂ ਦੇ ਆਗੂਆਂ ਨਾਲ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ। ਤੀਜੇ ਮਤੇ ਰਾਹੀਂ 24 ਸਤੰਬਰ ਨੂੰ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵਲੋਂ ਸਥਾਨਕ ਸਰਕਾਰਾਂ ਮੰਤਰੀ ਦੀ ਜਲੰਧਰ ਰਿਹਾਇਸ਼ ਦੇ ਘਿਰਾਓ ਅਤੇ ਰੋਸ ਪ੍ਰਦਰਸਨ ਅਤੇ 14 ਅਕਤੂਬਰ ਦੀ ਚੰਡੀਗੜ੍ਹ ਸੂਬਾਈ ਰੈਲੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ। ਹੁਣ ਤੱਕ ਹੋਏ ਜਥੇਬੰਦਕ ਖਰਚਿਆਂ ਨੂੰ ਪਾਸ ਕੀਤਾ ਗਿਆ ਅਤੇ ਆਮਦਨ/ਖਰਚ ਦਾ ਵੇਰਵਾ ਹਾਜ਼ਰ ਮੈਂਬਰਾਂ ਨਾਲ ਸਾਂਝਾ ਕੀਤਾ ਗਿਆ। ਪੈਨਸ਼ਨਰਾਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਛੇਵੇਂ ਪੇ ਕਮਿਸ਼ਨ ਅਨੁਸਾਰ ਪੈਨਸਨ ਰੀਵਾਈਜ ਦਾ 66 ਮਹੀਨਿਆਂ ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ, ਪੈਨਸ਼ਨ ਰੀਵਾਈਜ ਲਈ 2.59 ਦਾ ਗੁਣਾਂਕ ਲੈਣ, ਮੈਡੀਕਲ ਭੱਤਾ 2000 ਰੁਪਏ ਮਹੀਨਾ ਕਰਵਾਉਣਾ, ਕੈਸ਼ਲੈੱਸ ਹੈੱਲਥ ਸਕੀਮ ਨੂੰ ਸੋਧ ਕੇ ਲਾਗੂ ਕਰਵਾਉਣ, ਮੈਡੀਕਲ ਕਲੇਮ ਦੇ ਬਿੱਲਾਂ ਦਾ ਨਿਪਟਾਰਾ ਕਰਵਾਉਣ, ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਡੀ.ਏ.ਦਾ ਰਹਿੰਦਾ ਬਕਾਇਆ ਅਤੇ ਡੀ ਏ ਦੀਆਂ ਪੈਂਡਿੰਗ ਕਿਸ਼ਤਾਂ ਨੂੰ ਜਾਰੀ ਕਰਵਾਉਣ ਲਈ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਪੰਜਾਬ ਵਲੋਂ ਲਗਾਤਾਰ ਸੰਘਰਸ਼ ਜਾਰੀ ਰੱਖਣ ਦੇ ਐਕਸ਼ਨ ਉਲੀਕੇ ਹੋਏ ਹਨ, ਉਨ੍ਹਾਂ ਵਿੱਚ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫਗਵਾੜਾ ਆਪਣੀ ਸਮਰਥਾ ਅਨੁਸਾਰ ਬਣਦਾ ਯੋਗਦਾਨ ਪਾਉਣ ਦਾ ਯਤਨ ਗੰਭੀਰਤਾ ਨਾਲ ਲਗਾਤਾਰ ਕਰਦੀ ਰਹੇਗੀ। ਅਗਲੀ ਮੀਟਿੰਗ 8 ਅਕਤੂਬਰ ਨੂੰ ਇਸੇ ਸਥਾਨ ਤੇ ਠੀਕ ਚਾਰ ਵਜੇ ਹੋਵੇਗੀ। ਸਮੂਹ ਮੈਂਬਰਾਨ ਨੂੰ ਇਸ ਵਿੱਚ ਸ਼ਾਮਲ ਹੋਣ ਲਈ ਅਪੀਲ ਵੀ ਕੀਤੀ ਜਾਂਦੀ ਹੈ। ਇਸ ਸਮੇਂ ਹੋਰਨਾਂ ਤੋਂ ਇਲਾਵਾ ਮੋਹਣ ਸਿੰਘ ਭੱਟੀ, ਕੁਲਦੀਪ ਸਿੰਘ ਕੌੜਾ, ਹਰਿੰਦਰ ਸਿੰਘ, ਹਰਭਜਨ ਸਿੰਘ, ਮਨਿੰਦਰ ਕੁਮਾਰ ਸ਼ਰਮਾ, ਪ੍ਰਮੋਦ ਕੁਮਾਰ ਜੋਸ਼ੀ, ਰਤਨ ਸਿੰਘ, ਸਤਪਾਲ ਸਿੰਘ, ਹਰੀ ਰਾਮ ਆਦਿ ਸਾਥੀ ਸ਼ਾਮਲ ਹੋਏ।

ਏ ਐੱਸ ਆਈ ਮੇਜਰ ਸਿੰਘ ਨੇ ਸੰਭਾਲਿਆ ਉਗੀ ਪੁਲਸ ਚੌਕੀ ਦਾ ਚਾਰਜ

ਕਾਲਾ ਸੰਘਿਆਂ (ਮਨਜੀਤ ਮਾਨ)- ਥਾਣਾ ਸਦਰ ਨਕੋਦਰ ਅਧੀਨ ਪੈਂਦੀ ਪੁਲਸ ਚੌਕੀ ਉੱਗੀ ਵਿਖੇ ਏ ਐਸ ਆਈ ਮੇਜਰ ਸਿੰਘ ਨੇ ਚਾਰਜ ਸੰਭਾਲ ਲਿਆ ਹੈ। ਨਵ ਨਿਯੁਕਤ ਚੌਕੀ ਇੰਚਾਰਜ ਏ ਐਸ ਆਈ ਮੇਜਰ ਸਿੰਘ ਨੇ ਪ੍ਰੈੱਸ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਉਹ ਇਲਾਕੇ ਅੰਦਰ ਅਮਨ ਸ਼ਾਂਤੀ ਬਣਾਈ ਰੱਖਣ ਲਈ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਆਮ ਲੋਕਾਂ ਨੂੰ ਵੀ ਪੁਲਸ ਦਾ ਸਹਿਯੋਗ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਲਾਕੇ ਦੇ ਸਹਿਯੋਗ ਨਾਲ ਮਾੜੇ ਅਨਸਰਾਂ ਵਿਰੁੱਧ ਕਾਰਵਾਈ ਜਾਰੀ ਰਹੇਗੀ ।

ਕੈਟਲ ਸ਼ੈੱਡਾਂ ਦੀ ਸੁਣਵਾਈ ਦੌਰਾਨ ਬਲਰਾਜ ਕੁਮਾਰ ਤੇ ਕਮਲਜੀਤ ਨੂੰ ਕੀਤਾ ਬਹਾਲ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ) ਪਿਛਲੇ ਲੰਬੇ ਸਮੇਂ ਤੋਂ ਮਨਰੇਗਾ ਵਰਕਰਾਂ ਦੇ ਸਿਰੜੀ ਸੰਘਰਸ਼ ਤੋਂ ਬਾਅਦ ਮਨਰੇਗਾ ਮੇਟ ਦੀ ਬਹਾਲੀ ਅਤੇ ਪਿੰਡਾਂ 'ਚ ਕੈਟਾਗਰੀਆਂ ਬਦਲ ਕੇ ਤੋਂ ਐਸ ਸੀ ਤੋਂ ਜਨਰਲ ਬਣਾਈਆਂ ਕੈਟਲ ਸ਼ੈਡਾਂ ਦੀ ਮਨਰੇਗਾ ਲੋਕਪਾਲ ਕੋਲ ਚੱਲ ਰਹੀ ਸ਼ਿਕਾਇਤ ਦੀ ਸੁਣਵਾਈ ਅਤੇ ਮੇਟਾਂ ਦੀ ਬਹਾਲੀ ਲਈ ਪਰੀਕ੍ਰਿਆ ਦੌਰਾਨ ਕੇਸ ਦੀ ਸੁਣਵਾਈ ਕਰਦਿਆਂ ਲੋਕਪਾਲ ਮਨਰੇਗਾ ਨੇ ਮੇਟ ਬਲਰਾਜ ਕੁਮਾਰ ਪਿੰਡ ਅਧਿਕਾਰਾ ਤੇ ਮੇਟ ਕਮਲਜੀਤ ਕੌਰ ਪਿੰਡ ਡਡਿਆਣਾ ਖੁਰਦ ਨੂੰ ਮੇਟ ਦਾ ਕੰਮ ਕਰਨ ਲਈ ਬਹਾਲ ਕਰ ਦਿੱਤਾ ਹੈ ਅਤੇ ਬਾਕੀ 9 ਮੇਟਾਂ ਨੂੰ ਉਨ੍ਹਾਂ ਦੇ ਕੇਸ ਦੀ ਸੁਣਵਾਈ ਲਈ ਅਗਲੀ ਮਿਤੀ ਦੇ ਦਿੱਤੀ ਹੈ। ਇਸ ਸੰਬੰਧ 'ਚ ਮੇਟ ਬਲਰਾਜ ਕੁਮਾਰ ਅਤੇ ਕਮਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਨਰੇਗਾ ਐਕਟ ਇੱਕ ਕਾਨੂੰਨ ਹੈ। ਜਿਸ ਨੂੰ ਸਮਝਣ ਦੀ ਜ਼ਰੂਰਤ ਹੈ। ਦੇਸ਼ ਨੂੰ ਡਾਕਟਰ ਮਨਮੋਹਨ ਸਿੰਘ ਨੇ ਮਨਰੇਗਾ ਐਕਟ ਦੇ ਕੇ ਬਹੁਤ ਵੱਡਾਂ ਯੋਗਦਾਨ ਪਾਇਆ ਤੇ ਲੱਖਾਂ ਗਰੀਬ ਲੋਕਾਂ ਲਈ ਰੁਜਗਾਰ ਦੇ ਸਾਧਨ ਪੈਦਾ ਕੀਤੇ। ਉਨ੍ਹਾਂ ਕਿਹਾ ਕਿ ਦੇਸ ਦੇ ਗਰੀਬ ਲੋਕਾਂ ਦੀ ਬਦਕਿਸਮਤੀ ਇਹ ਹੈ ਕਿ ਮੌਜੂਦਾ ਸਰਕਾਰਾਂ ਮਨਰੇਗਾ ਐਕਟ 'ਚ ਦਰਸਾਏ ਗਏ ਨਿਯਮਾਂ ਅਨੁਸਾਰ ਕੰਮ ਨਹੀਂ ਕਰ ਰਹੀਆਂ ਅਤੇ ਨਾ ਹੀ ਮਨਰੇਗਾ ਵਰਕਰਾਂ ਤੇ ਮਨਰੇਗਾ ਮੇਟ ਨੂੰ ਐਕਟ ਅਨੁਸਾਰ ਦਿਹਾੜੀ ਦੇ ਰਹੀਆਂ ਹਨ। ਜਦੋਂ ਕਿ ਕਿਸੇ ਵੀ ਮਨਰੇਗਾ ਵਰਕਰ ਅਤੇ ਮੇਟ ਨੂੰ ਘੱਟੋ ਘੱਟ ਉਜ਼ਰਤ ਤੋਂ ਘੱਟ ਦਿਹਾੜੀ ਨਹੀਂ ਦਿੱਤੀ ਜਾ ਸਕਦੀ ਤੇ ਅਜਿਹਾ ਕਰਨਾ ਗੈਰ ਕਨੂੰਨੀ ਵੀ ਹੈ ਤੇ ਗੈਰ ਸੰਵਿਧਾਨਕ ਵੀ। ਬਲਰਾਜ ਨੇ ਮਨਰੇਗਾ ਵਰਕਰਾਂ ਅਤੇ ਮੇਟ ਸਾਥੀਆਂ ਨੂੰ ਅਪੀਲ ਕੀਤੀ ਕਿ ਉਹ ਅਪਣੇ ਸੰਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਅੱਗੇ ਆਉਣ। ਇਸ ਮੌਕੇ ਬਲਾਕ-1 ਦੀ ਪ੍ਰਧਾਨ ਗੁਰਬਖਸ ਕੌਰ, ਰਾਕੇਸ਼ ਬਾਲਾ, ਬਲਵਿੰਦਰ ਕੌਰ, ਵਾਸਦੇਵ ਅਤੈ ਸੁਦੇਸ ਕੁਮਾਰੀ ਹਾਜ਼ਰ ਸਨ।

ਅਜਨੋਹਾ ਵਿਖੇ ਕਰਨਲ ਸੁਰਜੀਤ ਸਿੰਘ ਪਰਮਾਰ ਨੇ ਸਕੂਲ ਤੇ ਲਾਇਬ੍ਰੇਰੀ ਨੂੰ ਰਾਸ਼ੀ ਭੇਟ ਕੀਤੀ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਅਜਨੋਹਾ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕਰਨਲ ਸੁਰਜੀਤ ਸਿੰਘ ਪਰਮਾਰ ਨੇ ਸਰਕਾਰੀ ਪ੍ਰਾਇਮਰੀ ਸਕੂਲ ਅਜਨੋਹਾ ਲਈ ਪੱਚੀ ਹਜ਼ਾਰ ਰੁਪਏ ਅਤੇ ਚੰਨਣ ਸਿੰਘ ਲਾਇਬ੍ਰੇਰੀ ਲਈ ਪੱਚੀ ਹਜ਼ਾਰ ਰੁਪਏ ਦੀ ਰਾਸ਼ੀ ਭੇਟ ਕੀਤੀ ਗਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਰਨਲ ਸੁਰਜੀਤ ਸਿੰਘ ਪਰਮਾਰ ਇਸ ਸਰਕਾਰੀ ਪ੍ਰਾਇਮਰੀ ਸਕੂਲ ਅਜਨੋਹਾ ਵਿਖੇ ਮੁੱਢਲੀ ਪੜ੍ਹਾਈ ਇਥੋਂ ਸ਼ੁਰੂ ਕੀਤੀ ਸੀ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਕਰਨਲ ਸੁਰਜੀਤ ਸਿੰਘ ਪਰਮਾਰ ਸਰਕਾਰੀ ਪ੍ਰਾਇਮਰੀ ਸਕੂਲ ਅਜਨੋਹਾ ਵਿਖੇ ਪੁਹੰਚਣ 'ਤੇ ਸਟਾਫ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਨਿੱਘਾ ਸਵਾਗਤ ਕੀਤਾ ਅਤੇ ਜੀ ਆਇਆਂ ਕਿਹਾ ਗਿਆ। ਇਸ ਮੌਕੇ ਜਥੇਦਾਰ ਮਾਸਟਰ ਹਰਭਜਨ ਸਿੰਘ ਅਜਨੋਹਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 1971 ਭਾਰਤ ਅਤੇ ਪਾਕਿਸਤਾਨ ਦੀ ਜੰਗ ਦੇ ਹੀਰੋ ਨੇ ਦੁਸ਼ਮਣਾਂ ਦੇ ਦੰਦ ਖੱਟੇ ਕੀਤੇ ਸਨ। ਇਸ ਮੌਕੇ ਜਥੇਦਾਰ ਮਾਸਟਰ ਹਰਭਜਨ ਸਿੰਘ ਅਜਨੋਹਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਅਜਨੋਹਾ ਅਤੇ ਚੰਨਣ ਸਿੰਘ ਲਾਇਬ੍ਰੇਰੀ ਲਈ ਯੋਗਦਾਨ ਦੇਣ ਤੇ ਕਰਨਲ ਸੁਰਜੀਤ ਸਿੰਘ ਪਰਮਾਰ ਦਾ ਧੰਨਵਾਦ ਕੀਤਾ। ਜਥੇਦਾਰ ਮਾਸਟਰ ਹਰਭਜਨ ਸਿੰਘ ਅਜਨ

15-SEP-PAGE-1.qxd 9/14/2023 8:14 PM Page 2

ਆਯੂਸ਼ਮਾਨ ਕਾਰਡ ਬਣਾਉਣ ਲਈ ਲੱਗਣਗੇ ਵਿਸ਼ੇਸ਼ ਕੈਂਪ

ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)-ਸਰਜਨ ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਸਿਹਤ ਬਲਾਕ ਮਾਛੀਵਾੜਾ ਵਿੱਚ ਆਯੂਸ਼ਮਾਨ ਭਵ ਸਿਹਤ ਬੀਮਾ ਯੋਜਨਾ ਦੇ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ। ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਆਯੂਸ਼ਮਾਨ ਭਵ ਪ੍ਰੋਗਰਾਮ ਦਾ ਰਸਮੀ ਉਦਘਾਟਨ ਰਾਸ਼ਟਰਪਤੀ ਸਾਹਿਬਾ ਵੱਲੋਂ ਕੀਤਾ ਗਿਆ, ਜਿਸ ਦਾ ਹਿੱਸਾ ਵਰਚੁਅਲ ਮੀਟਿੰਗ ਰਾਹੀਂ ਮਾਛੀਵਾੜਾ ਦਾ ਸਟਾਫ਼ ਵੀ ਬਣਿਆ। ਡਾ. ਜਸਦੇਵ ਸਿੰਘ ਨੇ ਦੱਸਿਆ ਕਿ 17, 23 ਤੇ 30 ਸਤੰਬਰ ਨੂੰ ਸਮੁੱਚੇ ਸਿਹਤ ਬਲਾਕ ਮਾਛੀਵਾੜਾ ਵਿੱਚ ਆਯੂਸ਼ਮਾਨ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾਣਗੇ ਤੇ 2 ਅਕਤੂਬਰ ਨੂੰ ਰਸਮੀ ਤੌਰ 'ਤੇ ਸਮਾਪਤੀ ਕੀਤੀ ਜਾਵੇਗੀ। ਇਸ ਮੌਕੇ ਡਾ. ਅਰਸ਼ਦੀਪ ਸਿੰਘ ਵਿਰਕ, ਪਰਦੀਪ ਸਿੰਘ ਬਲਾਕ ਐਸੂਰੇਟਰ, ਸਰਬਜੀਤ ਸਿੰਘ ਬੀ.ਐੱਸ.ਏ, ਸੁਦੇਸ਼ ਆਈ ਏ, ਮਨਮੋਹਨ ਸਿੰਘ ਤੇ ਪਰਮਵੀਰ ਸਿੰਘ (ਦੋਵੇਂ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ), ਸਤਵੰਤ ਸਿੰਘ ਮਲਟੀਪਰਪਜ਼ ਹੈਲਥ ਵਰਕਰ, ਮਨਿੰਦਰ ਸਿੰਘ ਕੰਪਿਊਟਰ ਓਪਰੇਟਰ ਤੋਂ ਇਲਾਵਾ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

ਮਾਨਸਾਹੀਆ ਵੱਲੋਂ ਟਰਾਈਸਾਈਕਲ ਤੇ ਸਿਲਾਈ ਮਸ਼ੀਨਾਂ ਭੇਟ

ਮਾਨਸਾ (ਆਤਮਾ ਸਿੰਘ ਪਮਾਰ)-ਲੋੜਵੰਦਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਸਾਬਕਾ ਸਾਬਕਾ ਵਿਧਾਇਕ ਤੇ ਸਮਾਜ ਸੇਵੀ ਨਾਜਰ ਸਿੰਘ ਮਾਨਸਾਹੀਆ ਵੱਲੋਂ ਹੁਣ ਤੱਕ ਸੈਂਕੜੇ ਅਪੰਗ ਮਰਦ ਔਰਤਾਂ ਨੂੰ ਟਰਾਈਸਾਈਕਲ ਤੇ ਲੜਕੀਆਂ/ਔਰਤਾਂ ਨੂੰ ਆਪਣਾ ਰੁਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ ਵੰਡੀਆਂ ਜਾ ਚੁੱਕੀਆਂ ਹਨ। ਇਸੇ ਲੜੀ ਨੂੰ ਅੱਗੇ ਤੋਰਦਿਆਂ ਮਾਨਸਾਹੀਆ ਵੱਲੋਂ ਪਿੰਡ ਭਾਈ ਦੇਸਾ ਵਿਖੇ ਹਰਪਾਲ ਸਿੰਘ ਪਾਲੀ ਦੇ ਗ੍ਰਹਿ ਵਿਖੇ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਤੇ ਸਿਲਾਈ ਮਸ਼ੀਨਾਂ ਵੰਡੀਆਂ ਗਈਆਂ। ਸ੍ਰ. ਨਾਜਰ ਸਿੰਘ ਮਾਨਸਾਹੀਆ ਸਾਬਕਾ ਵਿਧਾਇਕ ਲੋੜਵੰਦ ਵਿਅਕਤੀਆਂ ਨੂੰ ਟਰਾਈਸਾਈਕਲ ਤੇ ਸਿਲਾਈ ਮਸ਼ੀਨਾਂ ਭੇਟ ਕਰਦਿਆਂ ਕਿਹਾ ਕਿ 'ਮੇਰਾ ਮੁਝ ਮੇਂ ਕਿੱਛੂ ਨਾਹੀ' ਇਹ ਤਾਂ ਮੇਰੀ ਪ੍ਰਮਾਤਮਾ ਨੇ ਡਿਊਟੀ ਲਾਈ ਹੈ ਕਿ ਮੈਂ ਕਿਸੇ ਲੋੜਵੰਦ ਦੇ ਕੰਮ ਆ ਸਕਾਂ। ਮੇਰੀ ਕੋਸ਼ਿਸ਼ ਹੈ ਕਿ ਜਦੋਂ ਤੱਕ ਮੈਂ ਅਜਿਹਾ ਕੁਝ ਕਰਨ ਦੇ ਸਮਰੱਥ ਰਹਾਂਗਾ ਤਾਂ ਮੈਂ ਇਸ ਕਾਰਜ ਨੂੰ ਆਮ ਲੋਕਾਂ ਦੇ ਸਹਿਯੋਗ ਨਾਲ ਜਾਰੀ ਰਖਾਂਗਾ। ਇਸ ਸਮੇਂ ਸਮਾਜ ਸੇਵੀ ਹਰਪਾਲ ਸਿੰਘ ਪਾਲੀ, ਬਲਵਿੰਦਰ ਸਿੰਘ ਪੰਚ, ਗੁਰਵਿੰਦਰ ਸਿੰਘ, ਸਾਧੂ ਸਿੰਘ ਗਰੇਵਾਲ, ਹਰਦੀਪ ਸਿੰਘ ਫੌਜੀ, ਕੁਲਵੰਤ ਸਿੰਘ ਤੇ ਜਸਪਾਲ ਸਿੰਘ ਮੌਜੂਦ ਸਨ।

ਵਿਵੇਕਾਨੰਦ ਸਕੂਲ 'ਚ ਦਾਦਾ-ਦਾਦੀ ਦਿਵਸ ਮਨਾਇਆ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਵੇਕਾਨੰਦ ਵਰਲਡ ਸਕੂਲ ਵਿੱਚ ਦਾਦਾ-ਦਾਦੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸ ਐੱਨ ਰੁਦਰਾ ਨੇ ਦੱਸਿਆ ਕਿ ਬੀਤੇ ਦਿਨ ਵਿਵੇਕਾਨੰਦ ਵਰਲਡ ਸਕੂਲ ਵਿੱਚ ਮਨਾਏ ਗਏ ਦਾਦਾ-ਦਾਦੀ ਦਿਵਸ ਸਬੰਧੀ ਬੱਚਿਆਂ ਦੇ ਦਾਦਾ-ਦਾਦੀ ਨੂੰ ਹਾਰਦਿਕ ਸੱਦਾ ਦਿੱਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੀ ਮੁੱਖ ਸਰਪ੍ਰਸਤ ਪ੍ਰਭਾ ਭਾਸਕਰ ਦੇ ਸ਼ਮ੍ਹਾਂ ਰੋਸ਼ਨ ਨਾਲ ਕੀਤੀ ਗਈ।ਇਸ ਮੌਕੇ ਛੋਟੇ-ਛੋਟੇ ਵਿਦਿਆਰਥੀਆਂ ਨੇ ਵੀ ਆਪਣੇ ਦਾਦਾ-ਦਾਦੀ ਦੇ ਨਾਲ ਬੜੇ ਉਤਸ਼ਾਹ ਨਾਲ ਭਾਗ ਲਿਆ ਤੇ ਆਪੋ-ਆਪਣੇ ਤਰੀਕੇ ਨਾਲ ਆਪਣੇ ਦਾਦਾ-ਦਾਦੀ ਪ੍ਰਤੀ ਆਪਣੇ ਪਿਆਰ, ਸਨੇਹ ਤੇ ਧੰਨਵਾਦ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਦਾਦਾ-ਦਾਦੀ ਨੇ ਖੇਡਾਂ ਖੇਡੀਆਂ, ਪਹੇਲੀਆਂ ਹੱਲ ਕੀਤੀਆਂ ਤੇ ਡਾਂਸ ਵੀ ਕੀਤਾ।ਇਸ ਮੌਕੇ ਸਕੂਲ ਦਾ ਨਾਂ ਰੌਸ਼ਨ ਕਰਨ ਵਾਲੇ ਉੱਭਰਦੇ ਮਾਰਸ਼ਲ ਆਰਟ ਚੈਂਪੀਅਨ ਰਿਹਾਨ ਗੁੰਬਰ ਨੂੰ ਵੀ ਸਨਮਾਨਤ ਕੀਤਾ ਗਿਆ।ਡਾ. ਰੁਦਰਾ ਨੇ ਦੱਸਿਆ ਕਿ ਬੱਚੇ ਦੇ ਜੀਵਨ ਵਿੱਚ ਦਾਦਾ-ਦਾਦੀ ਦਾ ਵਿਸ਼ੇਸ਼ ਸਥਾਨ ਹੁੰਦਾ ਹੈ ਤੇ ਉਹ ਆਪਣੇ ਦਾਦਾ-ਦਾਦੀ ਨੂੰ ਵਿਸ਼ੇਸ਼ ਤੌਰ 'ਤੇ ਪਿਆਰ ਕਰਦੇ ਹਨ।ਇਸ ਪਿਆਰ ਨੂੰ ਹੋਰ ਵਧਾਉਣ ਲਈ ਵਿਵੇਕਾਨੰਦ ਵਰਲਡ ਸਕੂਲ ਵਿੱਚ ਦਾਦਾ-ਦਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਪੀੜਤ ਪਰਵਾਰ ਨੂੰ ਇਨਸਾਫ ਦਿਵਾਉਣ ਮਗਰੋਂ ਬੀਕੇਯੂ ਦਾ ਧਰਨਾ ਸਮਾਪਤ

ਸਮਰਾਲਾ (ਸੁਰਜੀਤ ਸਿੰਘ) : ਭੂ-ਮਾਫੀਆ ਵੱਲੋਂ ਸਤਾਏ ਲੁਧਿਆਣੇ ਦੇ ਇੱਕ ਪਰਿਵਾਰ ਦੀ ਸਹਾਇਤਾ ਲਈ ਬੀ ਕੇ ਯੂ ਸਿੱਧੂਪੁਰ ਵੱਲੋਂ ਇੱਕ ਮਹੀਨੇ ਤੋਂ ਉੱਪਰ ਚੱਲੇ ਮੋਰਚੇ ਦੇ ਫਤਹਿ ਹੋਣ ਉਪਰੰਤ ਕਿਸਾਨਾਂ ਦੀ ਪ੍ਰਸ਼ਾਸਨ ਨਾਲ ਸਹਿਮਤੀ ਹੋਣ ਉਪਰੰਤ ਧਰਨਾ ਤੇ ਮਾਰਨ ਵਰਤ ਖਤਮ ਹੋ ਗਿਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਬੀਕੇਯੂ ਏਕਤਾ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਨਾਲ ਹੋਈ ਮੀਟਿੰਗ ਵਿੱਚ ਮੰਗਾਂ ਉੱਪਰ ਸਹਿਮਤੀ ਬਣਨ ਤੋਂ ਬਾਅਦ ਪ੍ਰਸ਼ਾਸਨ ਨਾਲ ਮੰਨੀਆਂ ਗਈਆਂ ਮੰਗਾਂ ਨੂੰ ਅਮਲੀਜਾਮਾ ਪਹਿਨਾਉਣ ਲਈ ਮੀਟਿੰਗ ਹੋਈ। ਸਮਝੌਤੇ ਤਹਿਤ ਪੀੜਤ ਪਰਵਾਰ ਨੂੰ 20 ਏਕੜ ਵਾਹੀਯੋਗ ਜ਼ਮੀਨ ਦਿਵਾ ਦਿੱਤੀ ਗਈ ਹੈ ਅਤੇ ਦੋਨਾਂ ਪਰਿਵਾਰਾਂ ਵੱਲੋਂ ਇੱਕ ਦੂਜੇ ਖਿਲਾਫ ਕੀਤੇ ਗਏ ਕੇਸ ਵਾਪਸ ਹੋਣਗੇ ਤੇ ਮੰਗਾਂ ਮੰਨੇ ਜਾਣ ਤੋਂ ਬਾਅਦ 14 ਦਿਨ ਤੋਂ ਮਰਨ ਵਰਤ ਉੱਪਰ ਬੈਠੇ ਸ੍ਰ. ਕਾਕਾ ਸਿੰਘ ਕੋਟੜਾ ਸੂਬਾ ਜਰਨਲ ਸਕੱਤਰ ਬੀਕੇਯੂ ਏਕਤਾ ਸਿੱਧੂਪੁਰ ਤੇ ਪੀੜਤ ਦਿਲਦਾਰ ਸਿੰਘ ਦਾ ਮਰਨ ਵਰਤ ਖਤਮ ਕਰਵਾ ਦਿੱਤਾ ਗਿਆ ਹੈ।

ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 'ਚ ਚੱਲਿਆ ਰਚਨਾਵਾਂ ਦਾ ਦੌਰ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਪੰਜਾਬੀ ਸਾਹਿਤ ਸਭਾ ਖੰਨਾ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਮਨਜੀਤ ਸਿੰਘ ਧੰਜਲ ਤੇ ਪ੍ਰਸਿੱਧ ਕਹਾਣੀਕਾਰ ਸੁਰਿੰਦਰ ਰਾਮਪੁਰੀ ਦੀ ਸਰਪ੍ਰਸਤੀ ਹੇਠ ਏ. ਐੱਸ. ਸੀਨੀਅਰ ਸੈਕੰਡਰੀ ਸਕੂਲ ਖੰਨਾ ਵਿੱਚ ਹੋਈ। ਇਹ ਮੀਟਿੰਗ ਮਨਜੀਤ ਸਿੰਘ ਘੁੰਮਣ ਦੀ ਕਿਤਾਬ 'ਮੇਰੀ ਸੋਚ' ਸਭਾ ਨੂੰ ਸਮਰਪਤ ਕੀਤੀ ਗਈ। ਸਭ ਤੋਂ ਪਹਿਲਾਂ ਸੁਵੇਗ ਸੱਧਰ (ਪ੍ਰਸਿੱਧ ਗਜ਼ਲਗੋ), ਦੇਸ ਰਾਜ ਕਾਲੀ (ਲੇਖਕ ਤੇ ਪੱਤਰਕਾਰ), ਕੁੰਤਲ ਮੇਘ (ਹਿੰਦੀ ਕਵੀ) ਤੇ ਹਰਜਿੰਦਰ ਬੱਲ ਦੇ ਬੇਵਖਤ ਅਕਾਲ ਚਲਾਣਾ ਕਰ ਜਾਣ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦਿੱਤੀ ਗਈ। ਇਸ ਮੀਟਿੰਗ ਵਿੱਚ ਰਚਨਾਵਾਂ ਦਾ ਦੌਰ ਚੱਲਿਆ। ਸਭ ਤੋਂ ਪਹਿਲਾਂ ਹਰਬੰਸ ਸਿੰਘ ਸ਼ਾਨ ਕਵਿਤਾ, ਗੁਰਦੀਪ ਮਹੌਣ ਨੇ ਕਹਾਣੀ, ਬੇਅੰਤ ਸਿੰਘ ਤੁਰਮਰੀ ਨੇ ਕਵਿਤਾ, ਨੇਤਰ ਸਿੰਘ ਮੁੱਤੋਂ ਨੇ ਮਿੰਨੀ ਕਹਾਣੀ, ਨਰਿੰਦਰ ਮਣਕੂ ਨੇ ਗਜ਼ਲ, ਮਨਜੀਤ ਕੌਰ ਜੀਤ ਨੇ ਮਿੰਨੀ ਕਹਾਣੀ, ਰਾਜਵੰਤ ਕੌਰ ਨੇ ਕਵਿਤਾ, ਗੁਰੀ ਤੁਰਮਰੀ ਨੇ ਕਵਿਤਾ ਤੇ ਸੁਰਿੰਦਰ ਰਾਮਪੁਰੀ ਨੇ ਕਹਾਣੀ ਸੁਣਾਈ। ਅੰਤ ਵਿੱਚ ਮਨਜੀਤ ਸਿੰਘ ਧੰਜਲ, ਸੁਰਿੰਦਰ ਰਾਮਪੁਰੀ, ਮੁਖਤਿਆਰ ਸਿੰਘ, ਰਮੇਸ਼ ਸ਼ਰਮਾ ਨੇ ਉਸਾਰੂ ਬਹਿਸ ਵਿੱਚ ਹਿੱਸਾ ਲਿਆ। ਸਭਾ ਦੇ ਪ੍ਰਧਾਨ ਮਨਜੀਤ ਸਿੰਘ ਧੰਜਲ ਨੇ ਆਏ ਸਾਹਿਤਕਾਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਸਭਾ ਦੀ ਕਾਰਵਾਈ ਗੁਰੀ ਤੁਰਮਰੀ ਨੇ ਬਾਖੂਬੀ ਨਿਭਾਈ।

ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਅ ਲਈ ਟੀਕੇ ਲਗਾਉਣ ਬਾਰੇ ਕੀਤਾ ਜਾਗਰੂਕ

ਜਗਰਾਓਂ (ਅਮਿਤ ਖੰਨਾ)-ਪੰਜਾਬ ਸਰਕਾਰ ਅਤੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਮਿਸ਼ਨ ਇੰਦਰਧਨੁਸ਼ ਪ੍ਰੋਗਰਾਮ ਸਿਵਲ ਹਸਪਤਾਲ ਜਗਰਾਓਂ ਵਿਖੇ ਡਾ. ਪ੍ਰਤਿਭਾ ਸਾਹੂ ਵਰਮਾ ਸੀਨੀਅਰ ਮੈਡੀਕਲ ਅਫਸਰ ਦੀ ਦੇਖ ਰੇਖ ਤੇ ਯੋਗ ਅਗਵਾਈ ਹੇਠ 11 ਸਤੰਬਰ ਤੋਂ 16 ਸਤੰਬਰ 2023 ਤੱਕ ਚਲਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦਿਆਂ ਡਾ. ਪ੍ਰਤਿਭਾ ਸਾਹੂ ਵਰਮਾ ਨੇ ਕਿਹਾ ਕਿ ਜਿਹੜੇ ਪੰਜ ਸਾਲ ਤੱਕ ਦੇ ਬੱਚੇ ਟੀਕਾਕਰਨ ਦੀ ਦਵਾਈ ਤੋਂ ਵਾਂਝੇ ਰਹਿ ਗਏ ਹਨ, ਉਨ੍ਹਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸਰਕਾਰ ਵੱਲੋਂ ਇਹ ਮਿਸ਼ਨ ਇੰਦਰ ਧਨੁਸ਼ ਚਲਾਇਆ ਗਿਆ ਹੈ ਕਿ ਜੋ ਬੱਚੇ ਦਵਾਈ ਤੋਂ ਵਾਂਝੇ ਹਨ, ਉਨ੍ਹਾਂ ਨੂੰ ਮੁੜ ਤੋਂ ਦਵਾਈ ਦੀ ਖੁਰਾਕ ਦਿੱਤੀ ਜਾ ਸਕੇ। ਡਾ. ਅਜੈਵੀਰ ਸਿੰਘ ਨੇ ਦੱਸਿਆ ਕਿ ਇਸ ਮਿਸ਼ਨ ਦਾ ਅਸਲੀ ਮਕਸਦ ਬੱਚਿਆਂ ਨੂੰ ਮਾਰੂ ਰੋਗਾਂ ਤੋਂ ਬਚਾਉਣਾ ਹੈ। ਉਨ੍ਹਾਂ ਸਾਰੇ ਮਾਪਿਆਂ ਨੂੰ ਅਪੀਲ ਕੀਤੀ ਕਿ ਜੋ ਬੱਚੇ ਦਵਾਈ ਤੋਂ ਖੁੰਝ ਗਏ ਹਨ, ਉਹ ਪਰਵਾਰ ਆਪਣੇ ਬੱਚਿਆਂ ਨੂੰ ਇਸ ਇੰਦਰ ਧਨੁਸ਼ ਮਿਸ਼ਨ ਪ੍ਰੋਗਰਾਮ ਦਾ ਲਾਹਾ ਲੈਂਦੇ ਹੋਏ ਦਵਾਈ ਦੀ ਖੁਰਾਕ ਤੇ ਟੀਕੇ ਲਗਵਾਏ ਜਾਣ। ਐੱਸ ਐੱਮ ਓ ਨੇ ਵੀ ਅਪੀਲ ਕੀਤੀ ਕਿ ਸਿਵਲ ਹਸਪਤਾਲ ਜਗਰਾਓਂ ਦੇ ਟੀਕਾਕਰਨ ਕਮਰੇ ਵਿੱਚ ਜਾ ਕੇ ਟੀਕੇ ਲਗਾਏ ਜਾਣ ਤਾਂ ਜੋ ਬੱਚਿਆਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਇਆ ਜਾ ਸਕੇ। ਇਸ ਸਮੇਂ ਸ੍ਰੀਮਤੀ ਸੁਖਵੰਤ ਕੌਰ ਐੱਲ ਐੱਚ ਵੀ, ਸ੍ਰੀਮਤੀ ਮਹਿੰਦਰ ਕੌਰ ਏ ਐੱਨ ਐੱਮ ਸ੍ਰੀਮਤੀ ਸੁਖਜਿੰਦਰ ਕੋਰ ਏ ਐੱਨ ਐੱਮ, ਸ੍ਰੀਮਤੀ ਕੁਲਵੰਤ ਕੌਰ ਏ ਐੱਨ ਐੱਮ, ਸ੍ਰੀਮਤੀ ਗੁਰਮੀਤ ਕੌਰ ਏ ਐੱਨ ਐੱਮ, ਸ੍ਰੀਮਤੀ ਗੁਰਦੀਪ ਕੇਰ ਏ ਐੱਨ ਐੱਮ, ਮਿਸ ਵੀਰਪਾਲ ਕੌਰ ਏ ਐੱਨ ਐੱਮ ਸਮੇਤ ਆਸ਼ਾ ਵਰਕਰ ਹਾਜ਼ਰ ਸਨ।

ਆਈ ਟੀ ਆਈਜ਼ ਸਟੂਡੈਂਟਸ ਫੈਡਰੇਸ਼ਨ ਰੁਜ਼ਗਾਰ, ਵਿੱਦਿਆ ਤੇ ਸਿਹਤ ਸਹੂਲਤ ਲਈ ਸੰਘਰਸ਼ ਕਰੇਗੀ : ਮਾੜੀਮੇਘਾ, ਦੁਧਾਲਾ

ਅਜਨਾਲਾ : ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ (ਆਈ ਟੀ ਆਈ) ਸਟੂਡੈਂਟਸ ਫੈਡਰੇਸ਼ਨ (ਏ ਆਈ ਐਸ ਐਫ) ਵੱਲੋਂ ਅਜਨਾਲਾ ਵਿਖੇ ਵਿਦਿਆਰਥੀਆਂ ਦੀ 30 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਸ ਪ੍ਰੋਗਰਾਮ ਨੂੰ ਏ ਆਈ ਐਸ ਐਫ ਦੇ ਸੀਨੀਅਰ ਆਗੂ ਲਵਪ੍ਰੀਤ ਮਾੜੀਮੇਘਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਭੁਪਿੰਦਰ ਲਮੋਚੜ ਤੇ ਸਾਬਕਾ ਨੌਜਵਾਨ ਸਭਾ ਦੇ ਆਗੂ ਬਲਕਾਰ ਦੁਧਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ 'ਚ ਲਗਭਗ 2 ਕਰੋੜ ਬੇਰੁਜ਼ਗਾਰ ਹਨ। ਜੇਕਰ ਵਿਦਿਆਰਥੀ-ਨੌਜਵਾਨਾਂ ਨੂੰ ਸਹੀ ਦਿਸ਼ਾ ਵੱਲ ਨਾ ਤੋਰਿਆ ਗਿਆ ਤਾਂ ਆਉਣ ਵਾਲਾ ਸਮਾਂ ਬਹੁਤ ਮਾੜਾ ਹੋਵੇਗਾ। ਦੇਸ਼ ਦੀ ਜਵਾਨੀ ਨੂੰ ਇਸ ਪ੍ਰਬੰਧ ਖਿਲਾਫ ਸੰਘਰਸ਼ ਕਰਨਾ ਪਵੇਗਾ ਤੇ ਆਪਣੇ ਪੱਕੇ ਰੁਜ਼ਗਾਰ, ਮੁਫਤ ਵਿੱਦਿਆ ਤੇ ਮਨੁੱਖ ਦੀਆਂ ਹੋਰ ਬੁਨਿਆਦੀ ਸਹੂਲਤਾਂ ਪ੍ਰਾਪਤ ਕਰਨ ਲਈ ਵੱਡੀ ਲਹਿਰ ਖੜ੍ਹੀ ਕਰਨੀ ਪਵੇਗੀ। ਦੁਨੀਆ ਦਾ ਸਰਮਾਏਦਾਰ ਬਿਲਕੁਲ ਨਹੀਂ ਚਾਹੁੰਦਾ ਕਿ ਦੇਸ਼ 'ਚੋਂ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ ਖਤਮ ਹੋਵੇ । ਦੇਸ਼ ਭਗਤਾਂ ਦੇ ਸੁਪਨੇ ਸਾਕਾਰ ਕਰਨ ਵਾਸਤੇ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪੜ੍ਹਨਾ ਲਿਖਣਾ ਤੇ ਚੰਗੇ ਸਮਾਜ ਲਈ ਸੋਚਣਾ ਅਤੀ ਜ਼ਰੂਰੀ ਹੈ। ਬਾਹਰਲੇ ਹਾਲਾਤ ਨੂੰ ਬਦਲਣ ਨਾਲ ਮਨੁੱਖ ਦੀ ਸੋਚ ਨੂੰ ਵੀ ਬਦਲਿਆ ਜਾ ਸਕਦਾ ਹੈ। ਸਾਨੂੰ ਚੰਗੇ ਹਾਲਾਤ ਪੈਦਾ ਕਰਨੇ ਪੈਣਗੇ ਤਾਂ ਹੀ ਮੌਜੂਦਾ ਤੇ ਆਉਣ ਵਾਲੀ ਪੀੜ੍ਹੀ ਦੇਸ਼ ਭਗਤਾਂ ਦੇ ਸੁਪਨੇ ਸਾਕਾਰ ਕਰ ਸਕਦੀ ਹੈ। ਅੱਜ ਸਾਡੇ ਸਾਹਮਣੇ ਇਹੋ ਜਿਹੇ ਹਾਲਾਤ ਬਣੇ ਪਏ ਹਨ ਕਿ ਇਸ ਨਾਜ਼ੁਕ ਮੋੜ ਵਿਚ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਜੇਕਰ ਸਹੀ ਦਿਸ਼ਾ ਵੱਲ ਮੋੜਿਆ ਜਾਵੇ ਤਾਂ ਸਾਰਾ ਕੁਝ ਹਰ ਇੱਕ ਲਈ ਬਰਾਬਰ ਹਾਸਲ ਕੀਤਾ ਜਾ ਸਕਦਾ ਹੈ। 'ਬਨੇਗਾ' ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਨੌਜਵਾਨੀ ਨੂੰ ਉਸ ਦੀ ਯੋਗਤਾ ਮੁਤਾਬਕ ਰੁਜ਼ਗਾਰ ਦੇਣ ਵਿੱਚ ਸਫਲ ਹੋਵੇਗਾ। ਇਸ ਨਾਲ ਬੇਰੁਜ਼ਗਾਰੀ ਨੂੰ ਖਤਮ ਕਰਕੇ ਚੰਗਾ ਭਵਿੱਖ ਉਸਾਰਿਆ ਜਾ ਸਕਦਾ ਹੈ। ਆਗੂਆਂ ਨੇ ਕਿਹਾ ਕਿ ਆਈ ਟੀ ਆਈ ਟੈਕਨਾਲੋਜੀ ਪੱਖੋਂ ਬਹੁਤ ਅਹਿਮ ਅਦਾਰਾ ਹੈ, ਜਿਸ ਵਿੱਚੋਂ ਵਿਦਿਆਰਥੀ ਵੱਖ ਵੱਖ ਟਰੇਡਾਂ ਦੀ ਟੈਕਨੀਕ ਸਿੱਖ ਕੇ ਵੱਖ ਵੱਖ ਥਾਵਾਂ 'ਤੇ ਕੰਮ ਕਰਦੇ ਹਨ ਪਰ ਉਨ੍ਹਾਂ ਨੂੰ ਆਪਣੀ ਉਜਰਤ ਨਾਲੋਂ ਘੱਟ ਤਨਖਾਹ ਦਿੱਤੀ ਜਾਂਦੀ ਹੈ। ਜਿਸ ਨਾਲ ਕਿਰਤ ਦੀ ਲੁੱਟ ਕਰਕੇ ਕਾਰਪੋਰੇਟ ਆਪਣਾ ਮੁਨਾਫਾ ਵਧਾਉਂਦਾ ਹੈ। ਇਸ ਨੂੰ ਠੀਕ ਕਰਨ ਵਾਸਤੇ ਕੰਮ ਦਾ ਸਮਾਂ ਘਟਾਇਆ ਜਾਣਾ ਚਾਹੀਦਾ ਹੈ। ਇਸ ਨਾਲ ਵਧੇਰੇ ਰੁਜ਼ਗਾਰ ਪੈਦਾ ਕੀਤਾ ਜਾ ਸਕਦਾ ਹੈ। ਹਰ ਇੱਕ ਲਈ ਮੁਫਤ, ਵਿਗਿਆਨਕ ਤੇ ਲਾਜ਼ਮੀ ਵਿੱਦਿਆ ਦਾ ਪ੍ਰਬੰਧ ਜ਼ਰੂਰੀ ਹੋਵੇ ਤਾਂ ਜੋ ਪੜ੍ਹ ਲਿਖ ਕੇ ਹਰ ਇੱਕ ਨੂੰ ਚੰਗੇ ਮਨੁੱਖ ਵਜੋਂ ਸਮਾਜ ਵਿੱਚ ਵਿਚਰਨ ਦਾ ਮੌਕਾ ਮਿਲ ਸਕੇ। ਇਸ ਮੌਕੇ ਰਾਜਵੀਰ ਸਿੰਘ, ਨਵਜੋਤ ਸਿੰਘ, ਠਾਕੁਰ ਸਿੰਘ, ਮਹਿ

15-Sep-PAGE- 11 qxd.qxd 9/14/2023 6:27 PM Page 1

ਭਲਕੇ ਕਾਦੀਆਂ ਤੋਂ ਅਕਾਲੀ ਦਲ (ਅ) ਦਾ ਵਫਦ ਅੰਮ੍ਰਿਤਸਰ ਲਈ ਹੋਵੇਗਾ ਰਵਾਨਾ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ 15 ਸਤੰਬਰ ਨੂੰ ਅੰਮ੍ਰਿਤਸਰ ਵਿੱਚ ਡੈਮੋਕਰੇਸੀ ਦਿਵਸ ਮਨਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਨੂੰ ਸਫਲ ਕਰਨ ਲਈ ਹਲਕਾ ਕਾਦੀਆਂ ਤੋਂ ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਆਗੂ ਅਤੇ ਵਰਕਰ ਵੱਡੀ ਗਿਣਤੀ ਵਿੱਚ ਹਲਕਾ ਇੰਚਾਰਜ ਜਤਿੰਦਰ ਬੀਰ ਸਿੰਘ ਪੰਨੂੰ ਦੀ ਅਗਵਾਈ ਵਿੱਚ ਅੰਮ੍ਰਿਤਸਰ ਲਈ ਰਵਾਨਾ ਹੋਣਗੇ। ਕਸਬਾ ਭੈਣੀ ਮੀਆ ਖਾ ਵਿਖੇ ਜਤਿੰਦਰਬੀਰ ਸਿੰਘ ਪੰਨੂ ਵੱਲੋਂ ਕੀਤੀ ਗਈ ਇੱਕ ਮੀਟਿੰਗ ਦੌਰਾਨ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਇਸ ਪ੍ਰੋਗਰਾਮ ਬਾਰੇ ਵਿਸਥਾਰ ਸਹਿਤ ਗੱਲਬਾਤ ਕੀਤੀ। ਇਸ ਮੌਕੇ ਜਤਿੰਦਰਬੀਰ ਸਿੰਘ ਪੰਨੂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਏਜੰਡਾ ਐਸਜੀਪੀਸੀ ਦੀਆਂ ਪੈਂਦੀਆਂ ਚੋਣਾਂ ਨੂੰ ਸਮੇਂ ਸਿਰ ਕਰਵਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਕੇਂਦਰ ਸਰਕਾਰ ਇਨ੍ਹਾਂ ਚੋਣਾਂ ਨੂੰ ਨਾ ਕਰਵਾ ਕੇ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੀਆਂ ਚੋਣਾਂ ਸਬੰਧੀ ਲੋਕਤੰਤਰਕ ਪ੍ਰਕਿਰਿਆ ਦੀਆਂ ਧੱਜੀਆਂ ਉਡਾ ਰਹੀ ਹੈ। ਉਨ੍ਹਾਂ ਕਿਹਾ ਕਿ 15 ਸਤੰਬਰ ਨੂੰ ਵੱਡੀ ਗਿਣਤੀ ਵਿੱਚ ਉਨਾਂ ਦੀ ਪਾਰਟੀ ਦੇ ਆਗੂ ਅਤੇ ਪਾਰਟੀ ਨੂੰ ਪਿਆਰ ਕਰਨ ਵਾਲੇ ਲੋਕ ਅੰਮ੍ਰਿਤਸਰ ਲਈ ਰਵਾਨਾ ਹੋਣਗੇ। ਇਸ ਮੀਟਿੰਗ ਨੂੰ ਬੀਬੀ ਕੁਲਵਿੰਦਰ ਕੌਰ, ਜਗਤਾਰ ਸਿੰਘ ਖਾਲਸਾ, ਗੁਰਮੁੱਖ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸਤਵਿੰਦਰ ਸਿੰਘ, ਹਰਜਿੰਦਰ ਸਿੰਘ, ਅਮਰਜੀਤ ਸਿੰਘ, ਮਨਿੰਦਰ ਸਿੰਘ, ਸੁਖਪ੍ਰੀਤ ਸਿੰਘ ਬੀਬੀ ਕੁਲਵਿੰਦਰ ਕੌਰ ਖਾਲਸਾ, ਗੁਰਮੁੱਖ ਸਿੰਘ, ਬਲਦੇਵ ਸਿੰਘ, ਰਘੁਬੀਰ ਸਿੰਘ, ਤੀਰਥ ਸਿੰਘ, ਲਵਪ੍ਰੀਤ ਸਿੰਘ, ਲਖਵਿੰਦਰ ਸਿੰਘ, ਦਿਲਾਵਰ ਸਿੰਘ, ਕਾਬਲ ਸਿੰਘ ਸੱਲੋਪੁਰ, ਜੈਮਲ ਸਿੰਘ, ਰਮੇਸ਼ ਸਿੰਘ, ਬਲਕਾਰ ਸਿੰਘ, ਦੁੱਲਾ ਸਿੰਘ ਆਦਿ ਵੀ ਹਾਜ਼ਰ ਸਨ।➡

ਬਿਨਾਂ ਰਸੀਦ ਵਸੂਲੇ ਜਾ ਰਹੇ 40000 ਰੁਪਏ ਪ੍ਰਤੀ ਦੁਕਾਨ !

ਬਟਾਲਾ (ਤਰਲੋਕ ਬੱਗਾ)-ਸੀਪੀਆਈ ਐਮਐਲ ਲਿਬਰੇਸ਼ਨ ਦੀ ਅਗਵਾਈ ਵਿੱਚ ਐਸਡੀਐਮ ਬਟਾਲਾ ਦਫਤਰ ਮੂਹਰੇ ਦੁਕਾਨਦਾਰਾਂ ਨੇ ਧਰਨਾ ਦਿੱਤਾ ਕਿਉਂਕਿ 22 ਸਤੰਬਰ ਨੂੰ ਆ ਰਹੇ ਬਾਬਾ ਨਾਨਕ ਦੇ ਮੇਲੇ ਤੋਂ ਪਹਿਲਾਂ ਦੂਜੇ ਸੂਬਿਆਂ ਤੋਂ ਆਏ ਦੁਕਾਨਦਾਰਾਂ ਤੋਂ ਇਕ ਗ੍ਰੁਹ ਵਲੋਂ ਪ੍ਰਤੀ ਦੁਕਾਨ 40000/40000 ਰੁਪਏ ਬਿਨਾਂ ਕਿਸੇ ਰਸੀਦ ਤੋਂ ਜਬਰੀ ਉਗਰਾਹੇ ਜਾ ਰਹੇ ਹਨ। ਇਸ ਜਬਰੀ ਟੈਕਸ ਦੀ ਉਗਰਾਹੀ ਤੋਂ ਮਜਦੂਰ ਦੁਕਾਨਦਾਰ ਸਹਿਮੇ ਹੋਏ ਅਤੇ ਘੋਰ ਪ੍ਰੇਸ਼ਾਨੀ ਵਿੱਚ ਹਨ। ਬੱਖਤਪੁਰਾ ਨੇ ਕਿਹਾ ਕਿ ਉਗਰਾਹੀ ਕਰਨ ਵਾਲੇ ਕਹਿ ਰਹੇ ਹਨ ਕਿ ਉਨ੍ਹਾਂ ਨੇ ਇਸ ਕੰਮ ਦਾ 36 ਲੱਖ ਰੁਪਏ ਦਾ ਠੇਕਾ ਲਿਆ ਹੈ ਜਦੋਂਕਿ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਕਿ ਹਰ ਸਾਲ ਮੇਲੇ ਉਪਰ ਆਉਂਦੇ ਹਾਂ ਤੇ ਕਮੇਟੀ ਤੋਂ ਕੁਝ ਸੌ ਰੁਪਏ ਦੀ ਰਸੀਦ ਕਟਵਾਉਂਦੇ ਰਹੇ ਹਨ ਪਰ ਹੁਣ ਤਾਂ ਇਹ ਟੈਕਸ ਲੈਣ ਲਈ ਸਾਡੀ ਮਾਰਕੁੱਟ ਵੀ ਕੀਤੀ ਜਾ ਰਹੀ ਹੈ। ਮੌਕੇ 'ਤੇ ਤਹਿਸੀਲਦਾਰ ਨੂੰ ਮੰਗ ਪੱਤਰ ਦਿੱਤਾ ਗਿਆ।

ਇਸ ਸਮੇਂ ਕਈ ਪ੍ਰਵਾਸੀ ਦੁਕਾਨਦਾਰਾਂ ਤੋਂ ਬਿਨਾਂ ਕੁਲਦੀਪ ਰਾਜੂ, ਬੰਟੀ ਅਤੇ ਗੁਰਵਿੰਦਰ ਸਿੰਘ ਸ਼ਾਮਲ ਸਨ।

ਸਿਹਤ ਸੇਵਾਵਾਂ ਯਕੀਨੀ ਬਣਾਉਣ ਲਈ 'ਆਯੂਸ਼ਮਾਨ ਭਵ' ਯੋਜਨਾ ਸ਼ੁਰੂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕੇਂਦਰੀ ਅਤੇ ਰਾਜ ਸਿਹਤ ਵਿਭਾਗ ਵਲੋਂ 'ਆਯੂਸ਼ਮਾਨ ਭਵ' ਯੋਜਨਾ ਸ਼ੁਰੂ ਕੀਤੀ ਗਈ ਹੈ ਤਾਂ ਜੋ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾਂਦੀਆਂ ਸਿਹਤ ਸੇਵਾਵਾਂ ਦਾ ਮੁਕੰਮਲ ਲਾਭ ਯਕੀਨੀ ਬਣਾਇਆ ਜਾ ਸਕੇ। ਇਸ ਪ੍ਰੋਗਰਾਮ ਤਹਿਤ ਆਯੂਸ਼ਮਾਨ ਆਪਕੇ ਦਵਾਰ 3.0, ਆਯੂਸ਼ਮਾਨ ਸਭਾ, ਆਯੂਸ਼ਮਾਨ ਮੇਲਾ ਅਤੇ ਆਯੂਸ਼ਮਾਨ ਗ੍ਰਾਮ ਗਤੀਵਿਧੀਆਂ ਕੀਤੀਆਂ ਜਾਣਗੀਆਂ। ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਇਹ ਜਾਣਕਾਰੀ ਸੀਐਚਸੀ ਭਾਮ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਜਤਿੰਦਰ ਭਾਟੀਆ ਨੇ ਦਿੱਤੀ ਅਤੇ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਲੋਕਾਂ ਤੱਕ ਸਾਰੀਆਂ ਸਿਹਤ ਸੇਵਾਵਾਂ ਦਾ ਮੁਕੰਮਲ ਲਾਭ ਪਹੁੰਚਾਉਣਾ ਯਕੀਨੀ ਬਣਾਉਣਾ ਹੈ। ਉਨਾਂ ਨੇ ਦੱਸਿਆ ਕਿ ਉਨ੍ਹਾਂ ਦੱਸਿਆ ਕਿ ਇਹ ਮੁਹਿੰਮ ਮਾਨਯੋਗ ਰਾਸ਼ਟਰਪਤੀ ਵੱਲੋਂ ਅੱਜ ਆਨਲਾਈਨ ਲਾਂਚ ਕੀਤੀ ਗਈ। ਇਸ ਮੁਹਿੰਮ ਅਧੀਨ ਤਿੰਨ ਮੁੱਖ ਭਾਗਾਂ ਨੂੰ ਕਵਰ ਕੀਤਾ ਜਾਣ ਹੈ। ਪਹਿਲਾ ਆਯੂਸ਼ਮਾਨ ਆਪਕੇ ਦਵਾਰ 3.0, ਜਿਸ ਤਹਿਤ ਯੋਗ ਲਾਭਪਤਾਰੀਆਂ ਦੇ ਆਯੂਸ਼ਮਾਨ ਕਾਰਡ ਬਣਾਏ ਜਾਣਗੇ, ਦੂਸਰਾ ਆਯੂਸ਼ਮਾਨ ਮੇਲਾ, ਜਿਸ ਤਹਿਤ ਹਫਤਾਵਾਰ ਹੈਲਥ ਮੇਲੇ ਲਗਾਏ ਜਾਣਗੇ, ਤੀਸਰਾ ਆਯੂਸ਼ਮਾਨ ਸਭਾ, ਜਿਸ ਤਹਿਤ ਪਿੰਡਾਂ, ਵਾਰਡ, ਕਮੇਟੀਆਂ ਅਤੇ ਸ਼ਹਿਰਾਂ 'ਚ ਜਾਗਰੂਕ ਬੈਠਕਾਂ ਹੋਣਗੀਆਂ ਅਤੇ ਕੈਂਪ ਲਾਏ ਜਾਣਗੇ। ਬੀ ਈ ਈ ਸੁਰਿੰਦਰ ਕੌਰ ਨੇ ਦੱਸਿਆ ਕਿ ਇਸ ਦੇ ਨਾਲ-ਨਾਲ 17 ਸਤੰਬਰ ਤੋਂ 2 ਅਕਤੂਬਰ ਤੱਕ ਸੇਵਾ ਪੰਦਰਵਾੜਾ ਮੁਹਿੰਮ ਚਲਾਈ ਜਾਣੀ ਹੈ ਜਿਸ 'ਚ ਸਵੱਛਤਾ ਅਭਿਆਨ, ਅੰਗ ਦਾਨ ਦਾ ਪ੍ਰਣ ਲੈਣਾ ਅਤੇ ਖੂਨਦਾਨ ਕੈਂਪ ਲਾਏ ਜਾਣਗੇ।

ਇਸ ਪੰਖਵਾੜੇ ਦਾ ਮੁੱਖ ਮੰਤਵ ਪੰਜ ਸਾਲ ਤੋਂ ਵੱਧ ਉਮਰ ਵਾਲੇ ਹਰ ਬੱਚੇ ਦੀ ਆਭਾ ਆਈ. ਡੀ. ਬਣਾਉਣੀ, ਆਯੂਸ਼ਮਾਨ ਕਾਰਡ 100 ਫੀਸਦੀ ਯਕੀਨੀ ਬਣਾਉਣੇ ਹਨ ਅਤੇ 30 ਸਾਲ ਤੋਂ ਉਪਰ ਉਮਰ ਦੇ ਹਰ ਵਿਅਕਤੀ ਦਾ ਬੀ.ਪੀ. ਸ਼ੂਗਰ ਅਤੇ ਟੀ.ਬੀ. ਦੀ ਸਕਰੀਨਿੰਗ ਕਰਨੀ ਹੈ। ਇਸ ਦੇ ਲਈ ਹਰ ਸ਼ਨੀਵਾਰ ਹੈਲਥ ਵੈਲਨੈਸ ਸੈਂਟਰ 'ਤੇ ਸਿਹਤ ਮੇਲਿਆਂ ਦਾ ਆਯੋਜਨ ਕੀਤਾ ਜਾਵੇਗਾ। ਇਸ ਮੌਕੇ ਐਸਐਮਓ ਡਾਕਟਰ ਜਤਿੰਦਰ ਭਾਟੀਆ, ਡਾਕਟਰ ਸ਼ੈਲਜਾ,ਬੀਈਈ ਸੁਰਿੰਦਰ ਕੌਰ, ਡਾ. ਸ਼ੈਲਜਾ, ਮਨਜੋਤ ਕੌਰ, ਡਾ. ਮੋਹਪ੍ਰੀਤ ਸਿੰਘ, ਵਨੀਤ ਸਿੰਘ ਰਡੀਓਗ੍ਰਾਫਰ, ਹਰਭਜਨ ਕੌਰ ਐੱਲਐੱਚਵੀ, ਜਸਬੀਰ ਕੌਰ ਐੱਲਐੱਚਵੀ, ਕੁਲਜੀਤ ਸਿੰਘ ਹੈਲਥ ਇੰਸਪੈਕਟਰ, ਅੰਜਲੀ, ਗਗਨ, ਬਰਿੰਦਰ ਕੌਰ, ਜਸਵਿੰਦਰ ਸਟਾਫ ਨਰਸ, ਸਮੂਹ ਸਟਾਫ ਮੌਜੂਦ ਸੀ।

ਸੀ ਕੇ ਡੀ ਆਈ ਐੱਮ ਟੀ ਤਰਨਤਾਰਨ ਵਿਖੇ ਨਵੇਂ ਵਿੱਦਿਅਕ ਸੈਸ਼ਨ ਦਾ ਆਗਾਜ਼

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸੀ. ਕੇ. ਡੀ. ਆਈ. ਐੱਮ. ਟੀ. ਤਰਨਤਾਰਨ ਵਿਖੇ ਨਵੇਂ ਸੈਸ਼ਨ ਦੀ ਸ਼ੁਰੂਆਤ ਕਰਾਉਣ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲਿਆ, ਜਿਸ ਤਹਿਤ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ। ਉਪਰੰਤ ਵਿਦਿਆਰਥੀਆਂ ਵੱਲੋ ਰਸਭਿੰਨਾ ਕੀਰਤਨ ਗਾਇਨ ਕੀਤਾ ਗਿਆ। ਇਸ ਮੌਕੇ ਗੁਰੂ ਸਾਹਿਬ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਤੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਅਰਦਾਸ ਕੀਤੀ ਗਈ। ਇਸ ਮੌਕੇ ਲੰਗਰ ਦੀ ਸੇਵਾ ਹੋਟਲ ਮੈਨੇਜਮੈਂਟ ਦੇ ਸਮੂਹ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਵੱਲੋਂ ਕੀਤੀ ਗਈ। ਇਸ ਮੌਕੇ ਸਹਰਜੀਤ ਸਿੰਘ ਨੇ ਬੱਚਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਕੋਈ ਵੀ ਕੰਮ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਆਸਰਾ ਲੈ ਕੇ ਕੀਤਾ ਜਾਵੇ ਤਾਂ ਉਹ ਹਮੇਸ਼ਾ ਸੰਪੂਰਨ ਹੁੰਦਾ ਹੈ। ਇਸ ਮੌਕੇ ਸਹਰਜੀਤ ਸਿੰਘ ਪ੍ਰਧਾਨ ਚੀਫ ਖਾਲਸਾ ਦੀਵਾਨ ਲੋਕਲ ਕਮੇਟੀ, ਜਸਪਾਲ ਸਿੰਘ ਸੇਵਾ ਮੁਕਤ ਪੀਸੀਐਸ ਮੈਂਬਰ ਇੰਚਾਰਜ, ਪਿੰਸੀਪਲ ਜਸਬੀਰ ਸਿੰਘ ਸੀਕੇਡੀ ਕਾਲਜ ਤਰਨ ਤਾਰਨ ਵੱਲੋਂ ਵਿਦਿਆਰਥੀਆਂ ਨੂੰ ਨਵੇਂ ਸੈਸ਼ਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਸਮੂਹ ਸਟਾਫ ਮੈਂਬਰ ਵੀ ਹਾਜ਼ਰ ਸਨ।

ਰਿਆੜਕੀ ਕਾਲਜ ਤੁਗਲਵਾਲਾ ਵਿਖੇ ਕਿਰਤ ਦਿਵਸ ਮਨਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਬਾਬਾ ਆਇਆ ਸਿੰਘ ਰਿਆੜਕੀ ਕਾਲਜ ਤੁਗਲਵਾਲਾ ਵਿਖੇ ਦਿਲੋਂ ਮਨੋ, ਸੱਚੀ-ਸੁੱਚੀ ਕਿਰਤ ਕਰਨ ਵਾਲੇ ਇਕ ਕਿਰਤੀ ਇਨਸਾਨ ਭਾਪਾ ਬੂਟਾ ਸਿੰਘ ਯਾਦਗਾਰੀ 'ਕਿਰਤੀ ਸਨਮਾਨ ਸਮਾਰੋਹ' ਕਰਵਾਇਆ ਗਿਆ। ਇਸ ਸਬੰਧ ਵਿੱਚ ਕਾਲਜ ਦੀਆਂ ਵਿਦਿਆਰਥਣਾਂ ਵੱਲੋਂ ਸਹਿਜ ਪਾਠ ਦੇ ਭੋਗ ਪਾਏ ਗਏ। ਸਮਾਰੋਹ ਵਿੱਚ ਸੰਸਥਾ ਦੇ 90 ਵਿਦਿਆਰਥੀਆਂ ਦੇ ਨਾਲ 11 ਕਿਰਤੀਆਂ ਤੇ ਹੋਰ ਨਿਸ਼ਕਾਮ ਸੇਵਕਾਂ ਨੂੰ 1,10,000 ਰੁਪਏ (ਇਕ ਲੱਖ ਦਸ ਹਜਾਰ ਰੁਪਏ) ਦੀ ਧਨ ਰਾਸ਼ੀ ਨਾਲ ਸਨਮਾਨਿਤ ਕਰ ਕੇ ਕਿਰਤ ਦੇ ਮਾਣ ਨੂੰ ਵਧਾਇਆ ਗਿਆ। ਇਸ ਮੌਕੇ ਵਰਿਆਮ ਸਿੰਘ ਤੇ ਮਹਿੰਦਰ ਸਿੰਘ ਸਾਬਕਾ ਸਕੱਤਰ ਐਸਜੀਪੀਸੀ ਨੇ ਬਤੌਰ ਮੁੱਖ ਮਹਿਮਾਨ ਸ਼ਮੂਲੀਅਤ ਕੀਤੀ, ਜਦਕਿ ਜੋਗਿੰਦਰ ਸਲਾਰੀਆ, ਕੁੰਵਰ ਰਵਿੰਦਰ ਸਿੰਘ ਵਿੱਕੀ ਤੇ ਇੰਦਰਜੀਤ ਸਿੰਘ ਬਾਜਵਾ ਨੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਕਾਲਜ ਦੇ ਪ੍ਰਿੰ. ਸਵਰਨ ਸਿੰਘ ਵਿਰਕ ਨੇ ਕਿਹਾ ਕਿ ਕਦੇ ਵੀ ਜਿਸਮ ਦੇ ਖਾਕ ਹੋਣ ਨਾਲ ਕਿਰਦਾਰ ਨਹੀਂ ਮਰਦੇ ਅਤੇ ਮਹਾਨ ਸਖਸ਼ੀਅਤਾਂ ਦੀਆਂ ਪਾਈਆਂ ਪੈੜਾਂ ਨੂੰ ਮਾਰਗ ਦਰਸ਼ਕ ਬਣਾਉਣਾ ਹੀ ਸਾਡਾ ਮਕਸਦ ਹੈ। ਸਟੂਡੈਂਟ ਸੈਕਟਰੀ ਬੀਬੀ ਨਵਜੋਤ ਕੌਰ ਨੇ ਦੱਸਿਆ ਕਿ ਭਾਪਾ ਜੀ ਸ੍ਰ. ਬੂਟਾ ਸਿੰਘ ਦੀ ਬਰਸੀ ਮਨਾਉਣ ਦਾ ਆਸ਼ਾ ਕਿਰਤ ਦੇ ਸੰਕਲਪ ਨੂੰ ਪ੍ਰਫੁੱਲਿਤ ਕਰਨਾ ਹੈ ਕਿਉਂਕਿ ਉਹਨਾਂ ਨੇ ਸਾਰੀ ਉਮਰ ਮਿਹਨਤ ਤੇ ਦਿਆਨਤਦਾਰੀ ਨਾਲ ਕਾਲਜ ਦੀ ਖੇਤੀ ਅਤੇ ਡੇਅਰੀ ਦੀ ਸਾਂਭ ਸੰਭਾਲ ਕੀਤੀ। ਸ੍ਰ ਵਰਿਆਮ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਿਰਤ ਦਾ ਸਿਧਾਂਤ ਅੱਜ ਦੇ ਸੰਦਰਭ ਵਿੱਚ ਮੱਧਮ ਪੈ ਗਿਆ ਹੈ, ਪ੍ਰੰਤੂ ਇਸ ਸੰਸਥਾ ਦੇ ਵਿਦਿਆਰਥੀ ਗੁਰਬਾਣੀ ਦੇ ਕਿਰਤ ਦੇ ਸਿਧਾਂਤ ਤੇ ਅਮਲੀ ਪਹਿਰਾ ਦਿੰਦਿਆ ਹੱਥੀਂ ਕਿਰਤ ਕਰਦੇ ਹਨ। ਮਹਿੰਦਰ ਸਿੰਘ ਨੇ ਕਿਹਾ ਕਿ ਸਿੱਦਤ ਤੇ ਲਗਨ ਨਾਲ ਕੀਤਾ ਕੰਮ ਹੀ ਕਿਰਤ ਹੈ। ਜੋਗਿੰਦਰ ਸਲਾਰੀਆ ਦੁਬਈ ਵਾਲਿਆਂ ਨੇ ਕਿਹਾ ਕਿ ਇਹ ਕਾਲਜ ਧਰਤੀ ਤੇ ਇੱਕ ਸਵਰਗ ਹੈ। ਉਨ੍ਹਾਂ ਕਿਹਾ ਗਿਆਨ ਤੇ ਵਿਗਿਆਨ ਦਾ ਇਹ ਮੰਦਰ ਬਹੁਤ ਨਿਵੇਕਲਾ ਹੈ ਜਿਸਦੀਆਂ ਜੜ੍ਹਾਂ ਅਨੁਸ਼ਾਸ਼ਨ, ਸਾਦਗੀ ਤੇ ਸਧਾਰਨਤਾ ਨਾਲ ਜੁੜੀਆਂ ਹਨ। ਕੁੰਵਰ ਵਿੱਕੀ ਨੇ ਵਿਦਿਆਰਥੀਆਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਇਹ ਪਹਿਲਾ ਕਾਲਜ ਹੈ ਜਿੱਥੇ ਕਿਰਤ ਦਿਵਸ ਮਨਾਇਆ ਜਾਂਦਾ ਹੈ,ਵੈਸੇ ਤਾਂ ਸਾਰੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਕਿਤਾਬਾਂ ਜਾਂ ਗੀਤਾਂ ਵਿੱਚ ਹੀ ਪੇਸ਼ ਕਰਦੇ ਹਨ, ਪ੍ਰੰਤੂ ਇਸ ਸੰਸਥਾ ਦੇ ਵਿਦਿਆਰਥੀਆਂ ਨੇ ਸਾਬਤ ਕਰ ਦਿੱਤਾ ਕਿ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਹੁੰਦੀ। ਸਮਾਗਮ ਦੇ ਅੰਤ ਵਿੱਚ ਪ੍ਰਿੰਸੀਪਲ ਸਵਰਨ ਸਿੰਘ ਵਿਰਕ, ਗਗਨਦੀਪ ਸਿੰਘ ਵਿਰਕ ਅਤੇ ਸਟੂਡੈਂਟ ਕਮੇਟੀ ਦੁਆਰਾ ਸੰਸਥਾ ਦੇ ਵਿਦਿਆਰਥੀਆਂ 90 ਦੇ ਨਾਲ 11 ਕਿਰਤੀਆਂ ਨੂੰ ਧਨ ਰਾਸ਼ੀ ਦੇ ਨਾਲ ਯਾਦਗਾਰੀ ਚਿੰਨ੍ਹ, ਸਨਮਾਨ ਪੱਤਰ ਅਤੇ ਸਿਰੋਪਾਉ ਨਾਲ ਸਨਮਾਨਿਤ ਕੀਤਾ ਗਿਆ। ਵਿਦਿਆਰਥੀਆਂ ਅਤੇ ਕਿਰਤੀਆਂ ਦੇ ਨਾਲ ਕਾਲਜ ਦੀ ਵੈਟਰਨਰੀ ਡਾਕਟਰ ਵਜੋਂ ਸੇਵਾਵਾਂ ਨਿਭਾ ਰਹੇ ਗੁਰਮੁਖ ਸਿੰਘ ਤੁਗਲਵਾਲ ਦਾ ਵੀ 5100 ਰੁਪਏ, ਦੁਸ਼ਾਲਾ ਅਤੇ ਸਨਮਾਨ ਪੱਤਰ ਨਾਲ ਸਨਮਾਨ ਕੀਤਾ ਗਿਆ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ 'ਚ ਯਾਤਰੀ ਨਿਵਾਸ ਬਣਾਏਗੀ : ਭੁਪਿੰਦਰ ਸਿੰਘ ਅਸੰਧ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ) ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ੍ਰ. ਭੁਪਿੰਦਰ ਸਿੰਘ ਅਸੰਧ ਸਮੁੱਚੀ ਅੰਤ੍ਰਿੰਗ ਕਮੇਟੀ ਸਮੇਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਤੇ ਇਸ ਸਮੇਂ ਸ. ਅਸੰਧ ਨੇ ਕਿਹਾ ਕਿ ਅੰਮ੍ਰਿਤਸਰ ਵਿੱਚ ਹਰਿਆਣਾ ਕਮੇਟੀ ਇੱਕ ਰਿਹਾਇਸ਼ੀ ਯਾਤਰੀ ਨਿਵਾਸ (ਸਰਾਂ) ਬਣਾਏਗੀ ਤਾਂ ਕਿ ਹਰਿਆਣਾ ਦੀ ਸੰਗਤ ਨੂੰ ਗੁਰੂ ਘਰ ਦੇ ਦਰਸ਼ਨ ਕਰਨ ਆਇਆ ਕਿਸੇ ਪ੍ਰਕਾਰ ਦੀ ਮੁਸ਼ਕਲ ਪੇਸ਼ ਨਾ ਆਵੇ। ਆਪਣੀ ਦੋ ਦਿਨਾ ਧਾਰਮਿਕ ਯਾਤਰਾ ਤੇ ਆਏ ਭੁਪਿੰਦਰ ਸਿੰਘ ਅਸੰਧ ਦੇ ਨਾਲ ਰਮਨੀਕ ਸਿੰਘ ਮਾਨ ਜਰਨਲ ਸਕੱਤਰ, ਮੋਹਨਜੀਤ ਸਿੰਘ ਸੰਯੁਕਤ ਸਕੱਤਰ, ਗੁਰਬਖਸ਼ ਸਿੰਘ ਖਾਲਸਾ, ਜਗਸੀਰ ਸਿੰਘ, ਹਰਪ੍ਰੀਤ ਸਿੰਘ ਜੱਗੀ ਤੇ ਬਲਦੇਵ ਸਿੰਘ (ਚਾਰੇ ਅੰਤ੍ਰਿੰਗ ਕਮੇਟੀ ਮੈਂਬਰ) ਖਾਲਸਾ ਸ਼ਾਮਲ ਸਨ। ਭੁਪਿੰਦਰ ਸਿੰਘ ਅਸੰਧ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬੜੀ ਹੀ ਜਦੋਂ ਜਹਿਦ ਉਪਰੰਤ ਹੋਂਦ ਵਿੱਚ ਆਈ ਤੇ ਹਰਿਆਣਾ ਦੇ ਸਿੱਖਾਂ ਨੂੰ ਲੱਗਪੱਗ 20 ਸਾਲ ਸੰਘਰਸ਼ ਕਰਨਾ ਪਿਆ। ਚੋਣਾਂ ਦੀ ਗੱਲ ਕਰਦਿਆ ਉਹਨਾਂ ਕਿਹਾ ਕਿ ਹਰਿਆਣਾ ਸਰਕਾਰ ਹਰਿਆਣਾ ਕਮੇਟੀ ਦੀਆਂ ਚੋਣਾਂ ਕਰਾਉਣ ਲਈ ਕਾਫੀ ਗੰਭੀਰ ਹੈ ਤੇ ਉਮੀਦ ਹੈ ਕਿ 31 ਮਾਰਚ 2024 ਤੋਂ ਪਹਿਲਾਂ ਪਹਿਲਾਂ ਚੋਣਾਂ ਹੋ ਜਾਣਗੀਆਂ। ਉਨਾਂ ਕਿਹਾ ਕਿ ਜਲਦੀ

15-Sep-PAGE-12.qxd 9/14/2023 6:25 PM Page 1

ਪੰਜਾਬ ਇਸਤਰੀ ਸਭਾ ਦੀ ਸੂਬਾਈ ਕਾਨਫਰੰਸ 7-8 ਅਕਤੂਬਰ ਨੂੰ

ਜਲੰਧਰ (ਕੇਸਰ) ਪੰਜਾਬ ਇਸਤਰੀ ਸਭਾ ਦੀ ਸੂਬਾਈ ਕਾਨਫਰੰਸ ਦੀ ਤਿਆਰੀਆਂ ਦੇ ਸੰਬੰਧ ਵਿੱਚ ਦੇਸ਼ ਭਗਤ ਯਾਦਗਾਰ ਕੰਪਲੈਕਸ ਜਲੰਧਰ 'ਚ ਸੂਬਾਈ ਆਗੂ ਰਜਿੰਦਰ ਪਾਲ ਕੌਰ, ਨਰਿੰਦਰ ਸੋਹਲ ਤੇ ਰੁਪਿੰਦਰ ਕੌਰ ਮਾੜੀਮੇਘਾ ਪਹੁੰਚੀ। ਕਾਨਫਰੰਸ ਸਥਾਨ ਵੇਖਣ 'ਚ ਰਜਿੰਦਰ ਮੰਡ ਐਡਵੋਕੇਟ ਤੇ ਰਣਜੀਤ ਸਿੰਘ ਔਲਖ ਨੇ ਮਦਦ ਕੀਤੀ। ਇਹ ਕਾਨਫਰੰਸ 7-8 ਅਕਤੂਬਰ ਨੂੰ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਖੇ ਹੋ ਰਹੀ ਹੈ, ਜਿਸ ਨੂੰ ਸੰਬੋਧਨ ਕਰਨ ਲਈ ਕੌਮੀ ਆਗੂ ਨਿਸ਼ਾ ਸਿਧੂ ਪੁੱਜ ਰਹੀ ਹੈ। ਇਨ੍ਹਾਂ ਤੋਂ ਇਲਾਵਾ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਏ ਆਈ ਐਸ ਐਫ ਦੇ ਸੂਬਾਈ ਆਗੂ ਲਵਪ੍ਰੀਤ ਸਿੰਘ ਮਾੜੀਮੇਘਾ ਭਰਾਤਰੀ ਸੰਦੇਸ਼ ਦੇਣਗੇ। ਸੂਬਾਈ ਆਗੂ ਰਜਿੰਦਰ ਪਾਲ ਨੇ ਕਿਹਾ ਕਿ ਕਾਨਫਰੰਸ 'ਚ ਪੰਜਾਬ ਭਰ 'ਚੋਂ 150 ਡੈਲੀਗੇਟ ਪਹੁੰਚ ਰਹੀਆਂ ਹਨ। ਕਾਨਫਰੰਸ 'ਚ ਮਨੀਪੁਰ ਦੇ ਹਾਲਾਤ 'ਤੇ ਵਿਚਾਰ-ਚਰਚਾ ਹੋਵੇਗੀ। ਮੋਦੀ ਦੀ ਫਿਰਕੂ ਨੀਤੀ ਦੀ ਦੇਣ ਹੈ ਕਿ ਉਥੇ ਘੱਟ ਗਿਣਤੀਆਂ ਖਤਰੇ 'ਚ ਹਨ। ਔਰਤਾਂ ਦੀ ਇੱਜਤ ਆਬਰੂ ਸਰੇਆਮ ਲੁੱਟੀ ਜਾ ਰਹੀ ਹੈ। ਮੋਦੀ ਦਾ ਫਿਰਕੂ ਏਜੰਡਾ ਇਕੱਲਾ ਮਨੀਪੁਰ 'ਚ ਹੀ ਲਾਗੂ ਨਹੀਂ ਹੋ ਰਿਹਾ ਸਗੋਂ ਸੰਪੂਰਨ ਦੇਸ ਵਿੱਚ ਫਿਰਕੂ ਗੁੰਡੇ ਦਨਦਨਾਉਂਦੇ ਫਿਰਦੇ ਹਨ। ਖਾਸ ਕਰਕੇ ਮੁਸਲਿਮ ਘੱਟ ਗਿਣਤੀ ਮੋਦੀ ਰਾਜ ਦੌਰਾਨ ਹਿੰਦੁਸਤਾਨ 'ਚ ਖਤਰਾ ਮਹਿਸੂਸ ਕਰਦੀ ਹੈ। ਉਨ੍ਹਾਂ ਕਿਹਾ ਕਿ ਉਕਤ ਹਾਲਾਤ ਜਲਦੀ ਤਾਂ ਹੀ ਠੀਕ ਹੋ ਸਕਦੇ ਹਨ ਜੇ ਔਰਤਾਂ ਨੂੰ ਸੰਪੂਰਨ ਰੂਪ 'ਚ ਰੁਜ਼ਗਾਰ ਦਿੱਤਾ ਜਾਵੇ। ਕੁੜੀਆਂ ਨੂੰ ਵਿੱਦਿਆ ਮੁਫਤ ਤੇ ਲਾਜ਼ਮੀ ਦਿੱਤੀ ਜਾਵੇ।

ਆਰ ਡੀ ਖੋਸਲਾ ਸਕੂਲ 'ਚ ਹਿੰਦੀ ਦਿਵਸ ਮੌਕੇ ਪਹਿਲੀ ਤੋਂ ਦਸਵੀਂ ਜਮਾਤ ਤੱਕ ਕਵਿਤਾ ਮੁਕਾਬਲੇ ਤੇ ਸੱਭਿਆਚਾਰਕ ਪ੍ਰੋਗਰਾਮ

ਬਟਾਲਾ (ਤਰਲੋਕ ਬੱਗਾ,ਡਾ.ਮਲਵਿੰਦਰ ਸਿੰਘ)- ਆਰ.ਡੀ.ਖੋਸਲਾ ਡੀ.ਏ.ਵੀ.ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਵਿਖੇ ਹਿੰਦੀ ਦਿਵਸ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸ਼ਮ੍ਹਾਂ ਰੋਸ਼ਨ ਕਰਕੇ ਕੀਤੀ। ਉਨ੍ਹਾਂ ਵਿਦਿਆਰਥੀਆਂ ਨੂੰ ਹਿੰਦੀ ਭਾਸ਼ਾ ਦੇ ਇਤਿਹਾਸ ਅਤੇ ਹਿੰਦੀ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਅਤੇ ਸ਼ੁੱਧ ਹਿੰਦੀ ਬੋਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪਹਿਲੀ ਤੋਂ ਦਸਵੀਂ ਜਮਾਤ ਤੱਕ ਕਵਿਤਾ ਉਚਾਰਨ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਨੇ ਹਿੰਦੀ ਭਾਸ਼ਾ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕੀਤਾ। ਵਿਦਿਆਰਥੀਆਂ ਨੇ ਸਮੂਹ ਗਾਇਨ,ਭਾਸ਼ਣ, ਡਾਂਸ, ਗੀਤ-ਸੰਗੀਤ ਰਾਹੀਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਇੱਕ ਕੁਇਜ਼ ਵੀ ਕਰਵਾਇਆ ਗਿਆ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਹਿੰਦੀ ਦਿਵਸ ਦੀਆਂ ਸਾਰਿਆਂ ਨੂੰ ਹਾਰਦਿਕ ਸ਼ੁੱਭਕਾਮਨਾਵਾਂ ਅਤੇ ਵਧਾਈ ਦਿੰਦੇ ਹੋਏ ਕਿਹਾ ਕਿ ਰਾਸ਼ਟਰੀ ਭਾਸ਼ਾ ਕਿਸੇ ਵੀ ਦੇਸ਼ ਦੀ ਸ਼ਾਨ ਅਤੇ ਪਹਿਚਾਣ ਹੁੰਦੀ ਹੈ। ਹਿੰਦੀ ਤੀਜੀ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿੱਚੋਂ ਇੱਕ ਹੈ। ਇਹ ਦੁਨੀਆ ਦੀਆਂ ਪ੍ਰਾਚੀਨ ਭਾਸ਼ਾਵਾਂ ਵਿੱਚੋਂ ਇੱਕ ਹੈ। 14 ਸਤੰਬਰ 1949 ਨੂੰ ਸੰਵਿਧਾਨ ਸਭਾ ਨੇ ਹਿੰਦੀ ਨੂੰ ਸਰਕਾਰੀ ਭਾਸ਼ਾ ਵਜੋਂ ਘੋਸ਼ਿਤ ਕੀਤਾ ਅਤੇ 14 ਸਤੰਬਰ 1953 ਨੂੰ ਇਸ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦਿੱਤਾ ਗਿਆ, ਇਸ ਲਈ ਹਰ ਭਾਰਤੀ ਦਾ ਫਰਜ ਬਣਦਾ ਹੈ ਕਿ ਉਹ ਆਪਣੀ ਰਾਸ਼ਟਰੀ ਭਾਸ਼ਾ ਦਾ ਸਤਿਕਾਰ ਕਰੇ। ਇਸ ਮੌਕੇ ਪ੍ਰਿੰਸੀਪਲ ਨੇ ਕਵਿਤਾ ਮੁਕਾਬਲੇ ਦੇ ਜੇਤੂਆਂ ਨੂੰ ਇਨਾਮ ਵੰਡੇ।

ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਨੂੰ ਸਮਰਪਿਤ ਕਲਿਆਣਪੁਰ 'ਚ ਮੀਟਿੰਗ

ਫਿਲੌਰ (ਨਿਰਮਲ) ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵੱਲੋਂ ਸ਼ਹੀਦ ਭਗਤ ਸਿੰਘ ਦੇ 116ਵੇਂ ਜਨਮ ਦਿਨ ਨੂੰ ਸਮਰਪਿਤ ਪਿੰਡ ਕਲਿਆਣਪੁਰ ਵਿਖੇ ਸਰਗਰਮ ਮੈਂਬਰਾਂ ਦੀ ਮੀਟਿੰਗ ਕੀਤੀ ਗਈ । ਇਸ ਮੀਟਿੰਗ ਦੀ ਪ੍ਰਧਾਨਗੀ ਗੁਰਦੀਪ ਬੇਗਮਪੁਰ, ਕੁਲਵਿੰਦਰ ਸਿੰਘ, ਦਵਿੰਦਰ ਪਾਲ ਕੀਤੀ। ਇਸ ਮੌਕੇ ਸਭਾ ਦੇ ਸੂਬਾਈ ਆਗੂ ਅਜੈ ਫਿਲੌਰ, ਐਡਵੋਕੇਟ ਬਲਦੇਵ ਸਾਹਨੀ ਤੇ ਮੱਖਣ ਸੰਗਰਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਇੱਕ ਸਾਲ ਤੋਂ ਵਧੇਰੇ ਸਮਾਂ ਬੀਤ ਜਾਣ ਬਾਅਦ ਵੀ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਸਗੋਂ ਚਾਰ ਹਫਤਿਆਂ ਚ ਨਸ਼ਾ ਖਤਮ ਕਰਨ ਦਾ ਵਾਅਦਾ ਕਰਕੇ ਸੱਤਾ 'ਚ ਆਈ ਸਰਕਾਰ ਦੇ ਕਾਰਜਕਾਲ ਅੰਦਰ ਨਸ਼ੇ ਨਾਲ ਹਰ ਰੋਜ਼ ਦਰਜਨਾਂ ਨੌਜਵਾਨਾਂ ਦੀ ਮੌਤ ਹੋ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਹਰ ਘਰ ਸਰਕਾਰੀ ਨੌਕਰੀ ਦੇਣ ਜਾਂ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦੀ ਥਾਂ ਪਬਲਿਕ ਸੈਕਟਰ ਨੂੰ ਨਿੱਜੀ ਹੱਥਾਂ 'ਚ ਦੇਣ ਕਾਰਨ ਬੇਰੁਜ਼ਗਾਰੀ ਵਿਚ ਅਥਾਹ ਵਾਧਾ ਹੋਇਆ ਹੈ। ਉਨ੍ਹਾ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਇਹਨਾਂ ਭਖਦੀਆਂ ਮੰਗਾਂ 'ਤੇ ਧਿਆਨ ਨਾ ਦਿੱਤਾ ਤਾਂ ਆਉਣ ਵਾਲੇ ਸਮੇਂ ਦੌਰਾਨ ਪੰਜਾਬ ਭਰ ਦੇ ਨੌਜਵਾਨਾਂ ਵੱਲੋਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। 'ਬਰਾਬਰ ਵਿੱਦਿਆ, ਸਿਹਤ ਤੇ ਰੁਜ਼ਗਾਰ, ਸਭ ਦਾ ਹੋਵੇ ਇਹ ਅਧਿਕਾਰ' ਨਾਅਰੇ ਹੇਠ 28 ਸੰਤਬਰ ਨੂੰ ਫਿਲੌਰ ਤੋਂ ਖੱਟਕੜ ਕਲਾਂ ਵੱਲ ਨੂੰ ਹੋਵੇਗਾ। ਇਸ ਮੌਕੇ ਸਰਬਜੀਤ ਸਿੰਘ ਸਰਪੰਚ, ਬਲਜੀਤ ਸਿੰਘ, ਰਾਜ ਕੁਮਾਰ, ਪੀਤਾ, ਅਵਤਾਰ, ਜਤਿੰਦਰ ਕੁਮਾਰ, ਪਰਮਿੰਦਰ ਇੰਦੀ, ਜਸਕਰਨ, ਅਸ਼ੋਕ ਕੁਮਾਰ ਆਦਿ ਹਾਜ਼ਰ ਸਨ।

ਵਾਰਡ ਨੰਬਰ 37 'ਚ ਚਲਾਈ ਮਹੀਨਾਵਾਰ ਸਫ਼ਾਈ ਮੁਹਿੰਮ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਫਗਵਾੜਾ ਨਗਰ ਕੌਂਸਲ ਦੇ ਸਾਬਕਾ ਚੇਅਰਮੈਨ ਮਲਕੀਅਤ ਸਿੰਘ ਰਘਬੋਤਰਾ ਦੀ ਅਗਵਾਈ ਹੇਠ ਸ਼ਹਿਰ ਦੇ ਵਾਰਡ ਨੰਬਰ 37 ਵਿੱਚ 109ਵੀਂ ਮਾਸਿਕ ਸਫਾਈ ਮੁਹਿਮ ਚਲਾਈ ਗਈ। ਇਸ ਦੌਰਾਨ ਕਾਰਪੋਰੇਸ਼ਨ ਫਗਵਾੜਾ ਦੇ ਸਫ਼ਾਈ ਕਰਮਚਾਰੀਆਂ ਦੇ ਸਹਿਯੋਗ ਨਾਲ ਮੁਹੱਲਾ ਪ੍ਰੇਮ ਨਗਰ, ਮਾਸਟਰ ਸਾਧੂ ਰਾਮ ਨਗਰ, ਗੁਰੂ ਨਾਨਕਪੁਰਾ ਅਤੇ ਖੇੜਾ ਰੋਡ ਵਿਖੇ ਗਲੀਆਂ-ਨਾਲੀਆਂ ਦੀ ਸਫ਼ਾਈ ਕੀਤੀ ਗਈ। ਨਿਗਮ ਫਗਵਾੜਾ ਦੇ ਕਰਮਚਾਰੀਆਂ ਸਮੇਤ ਪ੍ਰੇਮ ਨਗਰ ਸੇਵਾ ਸੁਸਾਇਟੀ ਦੇ ਪ੍ਰਧਾਨ ਸੁਧੀਰ ਸ਼ਰਮਾ ਅਤੇ ਸਕੱਤਰ ਸੁਰਿੰਦਰ ਪਾਲ ਸਮੇਤ ਮੁਹੱਲਾ ਨਿਵਾਸੀਆਂ ਨੇ ਸਫਾਈ ਮੁਹਿੰਮ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਰਘਬੋਤਰਾ ਨੇ ਦੱਸਿਆ ਸਵੱਛ ਭਾਰਤ ਮਿਸ਼ਨ ਦੇ ਪ੍ਰਤੀਨਿਧ ਪੂਜਾ ਅਤੇ ਸਨੀ ਗੁਪਤਾ ਦਾ ਇਸ ਮੁਹਿਮ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨ 'ਚ ਵਢਮੁੱਲਾ ਸਹਿਯੋਗ ਮਿਲਦਾ ਹੈ।

ਮੁਹੱਲੇ ਵਿਚ ਡੇਂਗੂ ਅਤੇ ਮਲੇਰੀਆ ਤੋਂ ਬਚਾਅ ਲਈ ਫੋਗਿੰਗ ਤੇ ਦਵਾਈ ਦਾ ਛਿੜਕਾਅ ਵੀ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਸਫ਼ਾਈ ਦੀ ਮਹੱਤਤਾ ਬਾਰੇ ਦੱਸਦਿਆਂ ਸਮੂਹ ਵਾਰਡ ਵਾਸੀਆਂ ਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਦੀ ਅਪੀਲ ਕਰਦਿਆਂ ਕਿਹਾ ਕਿ ਸਫ਼ਾਈ ਤੰਦਰੁਸਤ ਜੀਵਨ ਦੀ ਕੁੰਜੀ ਹੈ। ਉਹਨਾਂ ਮੁਹਿੰਮ ਸਫਲ ਬਣਾਉਣ ਲਈ ਮੁਹੱਲਾ ਨਿਵਾਸੀਆਂ, ਸਫ਼ਾਈ ਸੇਵਕਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਵੀ ਕੀਤਾ।

ਸੰਯੁਕਤ ਕਿਸਾਨ ਮੋਰਚੇ ਵੱਲੋਂ ਭੁੱਲਰ ਦੀ ਰਿਹਾਇਸ਼ ਅੱਗੇ ਧਰਨਾ ਤੀਸਰੇ ਦਿਨ ਵੀ ਜਾਰੀ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸੰਯੁਕਤ ਕਿਸਾਨ ਮੋਰਚੇ ਦੇ ਸੂਬਾਈ ਫੈਸਲੇ ਅਨੁਸਾਰ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਸਥਾਨਕ ਰਿਹਾਇਸ਼ ਸਾਹਮਣੇ ਮੋਰਚੇ 'ਚ ਸ਼ਾਮਿਲ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਤੋਂ ਕੇਵਲ ਸਿੰਘ ਗੰਡੀਵਿੰਡ, ਗੁਰਭੇਜ ਸਿੰਘ ਸੂਰਵਿੰਡ ਕਿਰਤੀ ਕਿਸਾਨ ਯੂਨੀਅਨ, ਬਲਦੇਵ ਸਿੰਘ ਕੌਮੀ ਕਿਸਾਨ ਯੂਨੀਅਨ, ਦਲਵਿੰਦਰ ਸਿੰਘ ਪੰਨੂੰ ਪੰਜਾਬ ਕਿਸਾਨ ਯੂਨੀਅਨ, ਚਮਕੌਰ ਸਿੰਘ ਭਾਰਤੀ ਕਿਸਾਨ ਯੂਨੀਅਨ ਪੰਜਾਬ, ਤਰਸੇਮ ਸਿੰਘ ਕਲਸੀ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਦੀਵਾਨ ਸਿੰਘ ਕਸੇਲ ਕੁੱਲ ਹਿੰਦ ਕਿਸਾਨ ਸਭਾ, ਲਖਵਿੰਦਰ ਸਿੰਘ ਫਤਿਆਬਾਦ ਇੰਡੀਅਨ ਫਾਰਮਰ ਐਸੋਸੀਏਸ਼ਨ, ਭੁਪਿੰਦਰ ਸਿੰਘ ਪੰਡੋਰੀ ਤਖਤਮਲ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਏਕਤਾ ਪੰਜਾਬ, ਡਾ. ਇੰਦਰਜੀਤ ਸਿੰਘ ਮਰਹਾਣਾ ਕੁੱਲ ਹਿੰਦ ਕਿਸਾਨ ਸਭਾ ਅਧਾਰਿਤ ਪ੍ਰਧਾਨਗੀ ਮੰਡਲ ਦੀ ਅਗਵਾਈ ਵਿੱਚ ਤੀਸਰੇ ਤੇ ਆਖਰੀ ਦਿਨ ਰੋਹ ਭਰਪੂਰ ਧਰਨਾ ਦਿੱਤਾ ਗਿਆ। ਇਸ ਮੌਕੇ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਬੋਲਦਿਆਂ ਪੰਜਾਬ ਸਰਕਾਰ ਦੇ ਹੜ੍ਹ ਪੀੜਤਾਂ ਪ੍ਰਤੀ ਉਦਾਸੀਨ ਰਵੱਈਏ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਕਿਹਾ ਕਿ ਪੰਜਾਬ ਸਰਕਾਰ ਨੇ ਜਿਥੇ ਹੜ੍ਹਾਂ ਤੋਂ ਪਹਿਲਾਂ ਕੋਈ ਤਿਆਰੀ ਨਹੀਂ ਸੀ ਕੀਤੀ ਉਥੇ ਹੀ ਹੜ੍ਹਾਂ ਦੌਰਾਨ ਵੀ ਮੌਕੇ 'ਤੇ ਕੋਈ ਰਾਹਤ ਪਹੁੰਚਾਉਣ ਵਿੱਚ ਅਸਮਰੱਥ ਰਹੀ ਹੈ। ਪੰਜਾਬ ਸਰਕਾਰ ਮੁਆਵਜ਼ੇ ਬਾਰੇ ਮੀਡੀਆ ਤੇ ਖੋਖਲੇ ਦਾਅਵੇ ਕਰਦੀ ਰਹੀ ਪਰ ਅਸਲੀਅਤ ਵਿੱਚ ਸਰਕਾਰ ਦੇ ਸਾਰੇ ਵਾਅਦੇ ਝੂਠੇ ਸਾਬਤ ਹੋਏ। ਸੰਯੁਕਤ ਕਿਸਾਨ ਮੋਰਚੇ ਵਲੋਂ ਕਿਸਾਨਾਂ ਨੇ ਖਰਾਬੇ ਬਾਰੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਫਸਲ ਦੇ ਖਰਾਬੇ/ਮੁਆਵਜ਼ੇ ਲਈ ਪ੍ਰਤੀ ਏਕੜ ਘੱਟੋ-ਘੱਟ 70 ਹਜ਼ਾਰ, ਮੌਤ ਹੋਣ 'ਤੇ ਦਸ ਲੱਖ ਦੀ ਰਾਸ਼ੀ ਜਾਰੀ ਕੀਤੀ ਜਾਵੇ, ਮਕਾਨ ਦੇ ਨੁਕਸਾਨ ਲਈ ਯੋਗ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ। ਕਿਸਾਨ ਆਗੂਆਂ ਨੇ ਹੜ੍ਹਾਂ ਦੀ ਭਿਆਨਕ ਆਫਤ ਲਈ ਕੇਂਦਰ ਸਰਕਾਰ ਦੀਆਂ ਕਾਰਪੋਰੇਟ ਪੱਖੀ ਅਤੇ ਲੋਕ ਵਿਰੋਧੀ ਨੀਤੀਆਂ ਨੂੰ ਦੋਸ਼ੀ ਠਹਿਰਾਇਆ। ਕਿਸਾਨ ਆਗੂਆਂ ਨੇ ਮਜ਼ਦੂਰਾਂ ਦੇ ਘਰਾਂ ਅਤੇ ਮਜ਼ਦੂਰੀ ਤੋਂ ਵਾਂਝੇ ਰਹਿਣ ਕਾਰਣ ਮੁਆਵਜ਼ਾ ਜਾਰੀ ਕਰਨ ਦੀ ਮੰਗ ਉਠਾਈ। ਇਸ ਮੌਕੇ ਦਵਿੰਦਰ ਸੋਹਲ, ਹਰਭਜਨ ਸਿੰਘ ਚੂਸਲੇਵੜ, ਨਛੱਤਰ ਸਿੰਘ ਮੁਗਲਚੱਕ, ਸੁਖਚੈਨ ਸਿੰਘ, ਸਤਨਾਮ ਸਿੰਘ ਜੌਹਲ, ਤਰਸੇਮ ਸਿੰਘ ਲੁਹਾਰ, ਕੁਲਦੀਪ ਸਿੰਘ ਭਲਾਈਪੁਰ, ਪਰਮਜੀਤ ਸਿੰਘ ਗਦਾਈਕੇ, ਦਲਜੀਤ ਸਿੰਘ ਦਿਆਲਪੁਰ, ਦਲਵਿੰਦਰ ਸਿੰਘ, ਸਤਪਾਲ ਸਿੰਘ ਨੱਥੋਕੇ, ਹਰਵਿੰਦਰ ਸਿੰਘ ਵਲੀਪੁਰ, ਗੁਰਬਖਸ਼ ਸਿੰਘ, ਬਲਬੀਰ ਸਿੰਘ ਝਾਮਕਾ, ਸਤਨਾਮ ਸਿੰਘ ਜੌਹਲ, ਕੁਲਬੀਰ ਕਸੇਲ, ਧਰਮ ਸਿੰਘ ਪੱਟੀ ਆਦਿ ਨੇ ਵੀ ਸੰਬੋਧਨ ਕੀਤਾ।

ਮਾਤਾ ਭਾਨੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਕਰਵਾਇਆ ਧਾਰਮਿਕ ਸਮਾਗਮ

ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ) ਧਾਰਮਿਕ ਅਤੇ ਸਮਾਜ ਸੇਵੀ ਕਾਰਜਾਂ ਨੂੰ ਸਰਮਪਿਤ ਸਥਾਨਕ ਮਾਤਾ ਭਾਨੀ ਸ੍ਰੀ ਸੁਖਮਨੀ ਸੇਵਾ ਸੁਸਾਇਟੀ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਛਤਰ ਛਾਇਆ ਹੇਠ ਇਥੋਂ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਮਾਤਾ ਭਾਨੀ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਧਾਰਮਿਕ ਸਮਾਗਮ ਕਰਵਾਇਆ ਗਿਆ। ਸਮਾਗਮ 'ਚ ਉਚੇਚੇ ਤੌਰ 'ਤੇ ਹਾਜ਼ਰੀ ਭਰਨ ਆਏ ਪੰਥ ਪ੍ਰਸਿੱਧ ਕੀਰਤਨੀਏ ਭਾਈ ਰਜਿੰਦਰ ਪਾਲ ਸਿੰਘ ਰਾਜੂ ਲੁਧਿਆਣਾ ਵਾਲੇ, ਪ੍ਰਿੰ: ਭਾਈ ਚਰਨਜੀਤ ਸਿੰਘ ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਅਤੇ ਬੀਬੀਆਂ ਦੇ ਕੀਰਨਤੀ ਜਥਿਆਂ ਵੱਲੋਂ ਸਿੱਖ ਇਤਿਹਾਸ ਸਰਵਣ ਕਰਵਾਂਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ 'ਚ ਭਾਈ ਅਮਰਜੀਤ ਸਿੰਘ ਚਾਵਲਾ ਮੈਂਬਰ ਸ਼੍ਰੋਮਣੀ ਕਮੇਟੀ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬੀਬੀਆਂ ਦੀਆਂ ਲਸ਼ਾਨੀ ਸ਼ਹਾਦਤਾਂ ਨਾਲ ਸਿੱਖ ਇਤਿਹਾਸ ਭਰਿਆ ਪਿਆ ਹੈ। ਮਾਤਾ ਭਾਨੀ ਜੀ ਸੇਵਾ ਅਤੇ ਸਿਮਰਨ ਦੀ ਬਿਰਤੀ ਵਾਲੇ ਹੋਣ ਕਰਕੇ ਉਮਰ ਗੁਰੂ ਘਰ ਦੀ ਸੇਵਾ ਕੀਤੀ। ਸਮਾਗਮ 'ਚ ਉਕਤ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਗੁਰਪ੍ਰੀਤ ਸਿੰਘ ਰੋਡੇ, ਵਧੀਕ ਮੈਨੇਜਰ ਸ. ਅਰਜੀਤ ਸਿੰਘ ਜਿੰਦਵੜੀ ਅਤੇ ਐਡਵੋਕੇਟ ਹਰਦੇਵ ਸਿੰਘ, ਭਾਈ ਜੋਗਿੰਦਰ ਸਿੰਘ ਮੁੱਖ ਗ੍ਰੰਥੀ ਮਨਜਿੰਦਰ ਸਿੰਘ ਬਰਾੜ, ਸ. ਇਕਬਾਲ ਸਿੰਘ, ਇੰਦਰਜੀਤ ਸਿੰਘ ਅਰੋੜਾ ਤੇ ਪ੍ਰਿਤਪਾਲ ਸਿੰਘ ਗੰਡਾ ਪ੍ਰਧਾਨ ਵਪਾਰ ਮੰਡਲ ਤੋਂ ਇਲਾਵਾ ਸਿੱਖ ਮਿਸ਼ਨਰੀ ਕਾਲਜ ਅਤੇ ਗੁਰਮਤਿ ਸੰਗੀਤ ਅਕੈਡਮੀ ਦੇ ਵੱਡੀ ਗਿਣਤੀ 'ਚ ਸਿਖਿਆਰਥੀ ਤੇ ਸੰਗਤਾਂ ਹਾਜ਼ਰ ਸਨ।

ਸੰਤ ਬਾਬਾ ਚਰਨ ਦਾਸ ਦੇ ਬਰਸੀ ਸਮਾਗਮ ਦੀਆਂ ਤ